1920 ਤੋਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 106
ਨੰਬਰ 01

੩ ਤੋਂ ੧੯ ਮਾਘ ੨੦੮੨ ਬਿ.
16 to 31 January 2026

# ਸਤਿ ਜੁਗ



10/-

# ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਦੇ ਮੈਂਗਲੌਰ ਵਿਖੇ ਦਰਸ਼ਨ।

ਮਿਤੀ: 12.12.2025







# ਸਤਿਜੁਗ

੩ ਤੋਂ ੧੯ ਮਾਘ ੨੦੮੨ ਬਿ.
16 ਤੋਂ 31 ਜਨਵਰੀ 2026 ਈ.
ਜਿਲਦ 106, ਨੰਬਰ 1



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ, ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


## ਤਤਕਰਾ


* ਸੰਪਾਦਕੀ....................................................4

* ਗੁਰਬਾਣੀ ਵਿਆਖਿਆ..........................................6

* ਸਤਿਗੁਰੂ ਰਾਮ ਸਿੰਘ ਜੀ ਦਾ ਰਾਜਸੀ ਮਿਸ਼ਨ
ਡਾ. ਗੁਰਦੇਵ ਸਿੰਘ ਸਿੱਧੂ...............................8

* ਸੋਈ ਚੰਦੁ ਚੜਹਿ ਸੇ ਤਾਰੇ
ਗੁਰੂਬਚਨ ਸਿੰਘ ਨਾਮਧਾਰੀ...........................18

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................22

* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................25

* The immortal sacrifices of the “chaarsahibzaade”
Inderjeet S Bhatia..........................................28

* MURDER OFBEEF BUTCHERS BY KUKAS
Dr. Gurdev Singh Sidhu..................................31

* ਬੱਚਿਆਂ ਦਾ ਪੰਨਾ..........................................................37

* ਸੁੱਚੇ - ਮੋਤੀ....................................................38

* ਖ਼ਬਰਨਾਮਾ.....................................................39


**ਵਿਸ਼ੇਸ਼ ਸੂਚਨਾ ‘ਬਸੰਤ ਅੰਕ ਬਾਰੇ’**

**ਇਸ ਵਾਰ ਦਾ ਅੰਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸ਼ਹੀਦੀ ਸ਼ਤਾਬਦੀ ਨੂੰ ਸਪਰਪਿਤ ਹੈ। ਲੇਖਕ ਆਪਣੀਆਂ ਰਚਨਾਵਾਂ 31 ਜਨਵਰੀ ਤੋਂ ਪਹਿਲਾਂ ਸਤਿਜੁਗ ਸੰਪਰਕਾਂ ਤੱਕ ਪਹੁੰਚਾਉਣ ਜੀ।**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।




## ਸੰਪਾਦਕੀ

ਰੁੱਤ ਚੱਕਰ ਦੀ ਪਹਿਲੀ ਰੁੱਤ ਬਸੰਤ ਹੈ। ਇਸ ਦੇ ਆਗਮਨ ਦੀ ਖੁਸ਼ੀ ਧਰਤੀ ਦੇ ਜ਼ਰੇ-ਜ਼ਰੇ ਵਿਚੋਂ ਸਾਫ਼ ਝਲਕਦੀ ਹੈ। ਕੱਕਰ ਪਾਲੇ ਨਾਲ ਝੰਬੀ ਬਨਸਪਤੀ ਫਿਰ ਅੰਗੜਾਈ ਲੈਂਦੀ ਹੈ। ਬਹੁ ਰੰਗੀ ਫੁੱਲ ਬਾਗਾਂ ਦੇ ਸ਼ਿੰਗਾਰ ਬਣਦੇ ਹਨ। ਪੱਤਝੱੜ ਦੀ ਮਾਰ ਸਹਿ ਰਹੇ ਰੁੱਖਾਂ ਦੀਆਂ ਟਾਹਣੀਆਂ ਆਪਣੀਆਂ ਨਵੀਆਂ ਲਗਰਾਂ ਨੂੰ ਖੁਸ਼ਾਮਦੀਦ ਕਹਿੰਦੀਆਂ ਹਨ। ਉਚੀਆਂ ਚੋਟੀਆਂ ਦੀਆਂ ਜੰਮੀਆਂ ਝੀਲਾਂ ਬਰਫੀਲਾ ਰੂਪ ਤਿਆਗ ਅੱਗੇ ਵੱਧਣ ਲਈ ਸਰਕਣਾ ਸ਼ੁਰੂ ਕਰ ਦਿੰਦੀਆਂ ਹਨ। ਝਰਨਿਆ ਨੂੰ ਨਵਾਂ ਜੋਬਨ ਚੜਦਾ ਹੈ। ਚਰਾਦਾਂ ਵਿੱਚ ਜਾਨਵਰ ਹਰੇ ਚਾਰੇ ਦੀ ਖੋਜ ਲਈ ਨਿਕਲਦੇ ਹਨ। ਖੇਤਾਂ ਵਿੱਚ ਖੜੀਆਂ ਫਸ਼ਲਾਂ ਨੂੰ ਹਵਾ ਹਲਕੇ-ਹਲਕੇ ਹੱਥਾਂ ਨਾਲ ਝੱਲ ਮਾਰਦੀ ਦਿਸਦੀ ਹੈ। ਇਸ ਰੁੱਤ ਦਾ ਸਿੱਧਾ ਅਸਰ ਮਨੁੱਖੀ ਮਨ 'ਤੇ ਵੀ ਹੈ। ਗੁਰੂ ਅਮਰਦਾਸ ਜੀ ਬਸੰਤੁ ਰਾਗ ਵਿਚ ਲਿਖਦੇ ਹਨ-

ਬਸੰਤੁ ਚੜਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥
ਇਨ ਬਿਧਿ ਇਹੁ ਮਨੁ ਹਰਿਆ ਹੋਇ॥

ਜਿਵੇਂ ਬਨਸਪਤੀ ਮਉਲੀ ਤਿਵੇਂ ਹੀ ਮਨੁੱਖੀ ਮਨ ਵੀ ਮਉਲ ਉਠਿਆ। ਵੈਸੇ ਤਾਂ ਇਸ ਰੁੱਤ ਚੱਕਰ ਦਾ ਮਨੁੱਖੀ ਜੀਵਨ ਨਾਲ ਗਹਿਰਾ ਸਬੰਧ ਹੈ। ਰੁੱਤਾਂ ਜੀਵਨ ਦੇ ਵੱਖ-ਵੱਖ ਪੜਾਵਾਂ ਨੂੰ ਪ੍ਰਭਾਸ਼ਿਤ ਕਰਦੀਆਂ ਹਨ। ਪਹਿਲੀ ਬਸੰਤ ਰੁੱਤ ਸਾਡੇ ਬਚਪਨ ਦੇ ਸਮੇਂ ਨੂੰ ਜੋ ਕੋਮਲ ਤੇ ਖੂਬਸੂਰਤ ਹੈ। ਇਸ ਰੁੱਤ ਦੀ ਤਸੀਰ ਬਿਲਕੁਲ ਬਚਪਨ ਵਰਗੀ ਹੈ। ਕੋਸੀ-ਕੋਸੀ, ਨਿਰਮਲ ਅਸਮਾਨ, ਹਰ ਪਾਸੇ ਖਿੜੀ ਬਨਸਪਤੀ, ਚਹਿਕਦੇ ਪੰਛੀ। ਦਰਿਆਵਾਂ ਅਤੇ ਨਦੀਆਂ ਦੀ ਮੱਧਮ ਰਵਾਨੀ। ਇਹ ਸਾਰੇ ਲੱਛਣ ਬਚਪਨ ਵਾਲੇ ਹਨ।

ਇਸ ਤਰ੍ਹਾਂ ਹੀ ਦੂਜੀ ਰੁੱਤ ਗਰਮੀ ਦੀ ਜਵਾਨੀ ਦੇ ਪਹਿਰ ਵਰਗੀ ਹੈ ਤੇ ਤੀਜੀ ਵਰਖਾ ਤਰੁਣ ਅਵਸਥਾ ਵਰਗੀ ਚੌਥੀ ਸਰਦੀ ਬੁਢਾਪੇ ਨੂੰ ਪ੍ਰਭਾਸ਼ਿਤ ਕਰਦੀ ਹੈ ਤੇ ਪਤਝੱੜ ਮਨੁੱਖੀ ਅੰਤ ਨੂੰ। ਜਿਵੇਂ-ਜਿਵੇਂ ਰੁੱਤਾਂ ਬਦਲਦੀਆਂ ਹਨ ਮਨੁੱਖੀ ਮਨ ਇਨ੍ਹਾਂ ਤੋਂ ਪ੍ਰਭਾਵਿਤ ਹੁੰਦਾ ਹੈ। ਪੰਜਾਬੀ ਵਿੱਚ ਬਾਰਾਂ ਮਾਹ ਕਾਵਿ ਰੂਪ ਇਸ ਬਦਲਦੇ ਮੌਸਮ ਨਾਲ ਮਨ ਦੀ ਹਾਲਤ ਨੂੰ ਬਿਆਨ ਕਰਦਾ ਹੈ। ਬਸੰਤ ਰੁੱਤ ਦੀ ਸੋਭਾ ਹੋਰ ਵੀ ਵੱਧ ਗਈ ਜਦੋਂ ਇਸ ਰੁੱਤ ਵਿੱਚ ਦੀਨ ਦੁਨੀ ਦਾ ਮਾਲਕ ਅਵਤਾਰ ਧਾਰ ਆਇਆ। ਦਾਈ ਰਹਿਮਤਾਂ ਕਸ਼ਮੀਰ ਦੀ ਨੇਕ ਦਿਲ ਇਸਤਰੀ ਸੀ ਜਦੋਂ ਪਹਿਲੀ ਵਾਰ ਉਸ ਦਰਸ਼ਨ ਕੀਤਾ ਤਾਂ ਪਿਤਾ ਜੱਸਾ ਸਿੰਘ ਨੂੰ ਉੱਚੀ ਬੋਲ ਕਿਹਾ-

"ਜਸਿਆ ਤੇਰੇ ਘਰ ਖ਼ੁਦਾ ਆ ਗਿਆ।"

ਇਹ ਦਰਸ਼ਨ ਦੀ ਕਸ਼ਿਸ਼ ਸੀ ਕਿ ਉਹ ਆਪ ਮੁਹਾਰੇ ਕੋਠੇ ਚੜ੍ਹ ਗਈ ਪਿੰਡ ਦੇ ਲੋਕਾਂ ਨੂੰ ਪੱਲਾ ਫੇਰ ਕਹਿਣ ਲੱਗੀ-

"ਉਹ ਲੋਕੋ ਸਾਡੇ ਪਿੰਡ ਵਿੱਚ ਖ਼ੁਦਾ ਆ ਗਿਆ।"

ਜਿਸ ਇਸ ਬਾਲਕ ਰੂਪ ਦੇ ਦਰਸ਼ਨ ਕੀਤੇ ਮੋਹਿਆ ਗਿਆ। ਉਸ ਦੀ ਜ਼ੁਬਾਨ ਨੇ ਕਿਹਾ "ਖਾਕੀ ਨਹੀਂ ਨੂਰੀ ਏ।" ਸੰਤ ਧਿਆਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਬਾਰੇ ਲਿਖਦੇ ਹਨ-

ਪਤਲੀ ਸੀ ਮੂਰਤ ਵਾ ਲਾਂਬੀ ਸ਼ੁਭ ਸੂਰਤ ਸੋਂ
ਕਾਮਨਾਂ ਕੇ ਪੂਰਤ ਜਪਾਇ ਰਾਮ ਹਰਿ ਹੈ।
ਸੁੰਦਰ ਪਿਆਰੇ ਨੈਨ ਕਰਤ ਰਸਾਲ ਬੈਨ
ਇਛ ਫ਼ਲ ਦੈਨ ਕਾਮਧੈਨ ਸੁਰ ਤਰ ਹੈ।
ਲਾਂਬੀ ਭੁਜਾ ਜਾਇ ਫਲੀ ਅੰਗੁਰੀ ਰਵਾਇ
ਪਗ ਪੰਕਜ ਸਰਾਹਿ ਤੇ ਮਿਟਾਹਿ ਜਮ ਡਰ ਹੈ।

ਲੋਕ ਨੇੜੇ ਦੇ ਪਿੰਡਾਂ ਵਿਚੋਂ ਵੀ ਦਰਸ਼ਨ ਕਰਨ ਆਏ। ਕਿਸੇ ਸਾਧੂ ਵੇਖ ਕਿਹਾ ਇਹ ਤਾਂ ਬਸੰਤ ਦਾ ਮਾਲਕ ਆ ਗਿਆ। ਬਸੰਤੀ ਮਾਹੀ ਨੇ ਸੱਚਮੁੱਚ ਕੱਕਰ, ਕੋਰੇ ਅਤੇ ਪੱਤਝੜ ਮਾਰੀ ਗੁਲਾਮ ਧਰਤੀ ਨੂੰ ਬਹਾਰ ਬਖ਼ਸ਼ੀ। ਨਵਾਂ ਰੂਪ, ਨਵੀਂ ਦਿਖ, ਨਵੀਂ ਸੋਚ ਜੋ ਆਲ ਜੰਜਾਲ ਕੱਟਣ ਵਾਲੀ ਸੀ। ਇਹ ਸੋਚ ਨੇ ਪੰਜਾਬ ਦੀ ਧਰਤੀ ਤੇ ਸਿੱਖੀ ਨੂੰ ਮੁੜ ਪ੍ਰਪੱਕ ਕੀਤਾ। ਇਹ ਮੂਰਤ ਜਿਸ ਖਿੱਤੇ 'ਚੋਂ ਲੰਘੀ ਨਾਮ, ਬਾਣੀ ਅਤੇ ਨੈਤਿਕਤਾ ਦਾ ਛਿੱਟਾ ਦੇਂਦੀ ਗਈ। ਬਸੰਤੀ ਮਾਹੀ ਨੇ ਦੇਸ ਦੇ ਨੌਜਵਾਨਾਂ ਨੂੰ ਵੰਗਾਰ ਕਿਹਾ ਜੀਵਨ ਦੀ ਪੱਤਝੱੜ ਖਤਮ ਕਰੋ ਤੇ ਸਦਾ ਬਸੰਤ ਵਾਲੇ ਗੁਰਮੁੱਖੀ ਜੀਵਨ ਦੇ ਧਾਰਨੀ ਬਣੋ।

ਕੁਦਰਤ ਨ ਫੁਲੀ ਮੇਉਂਦੀ ਪਾਕੇ ਬਸੰਤੀ ਚੋਲੜਾ,
ਅਰਸ਼ਾਂ ਤੋਂ ਵਰ੍ਹਦੇ ਫੁਲ ਨੇ ਫਰਸ਼ਾਂ ਤੇ ਜੈ-ਜੈ ਕਾਰ ਏ।
ਔਹ ਆ ਗਿਆ ਔਹ ਆ ਗਿਆ ਮੇਹਰਾਂ ਦਾ ਵਾਲੀ ਆ ਗਿਆ,
ਸਿੱਖੀ ਦਾ ਸੂਰਜ ਚੜ ਪਿਆ ਮਿਟ ਗਈ ਧੁੰਧੂਕਾਰ ਏ।
ਨਾਨਕ ਨੇ ਰੂਪ ਵਟਾਇਆ ਦਸਮੇਸ਼ ਚੋਲਾ ਪਲਟਿਆ,
ਆਯਾ ਧਰਤ ਤੇ ਆਪ ਓਹ ਬਣ ਰਾਮ ਸਿੰਘ ਨਿਰੰਕਾਰ ਏ।

.........................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਪਉੜੀ ॥**

Stanza

**ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥**

ਨਿਹਚਲ ਪ੍ਰਭੂ ਇੱਕ ਹੈ,
ਉਸ ਨੇ ਆਪਣੀ ਅਡੋਲਤਾ ਦਾ ਗੁਣ ਜਗਤ ਵਿੱਚ ਵਰਤਾ ਦਿੱਤਾ।

Oh Lord, You are the only true Master,
who instills the ultimate truth

**ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥**

ਇਹ ਗੁਣ ਉਸ ਨੂੰ ਹੀ ਮਿਲਦਾ ਹੈ, ਜਿਸ ਨੂੰ ਤੂੰ ਦੇਂਦਾ ਹੈਂ,
ਉਹੀ ਇਸ ਸੱਚ ਨੂੰ ਕਮਾਉਂਦਾ ਹੈ।

Only to the one whom You give;
recieves and practices the truth.

**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ ਕੈ ਹਿਰਦੈ ਸਚੁ ਵਸਾਇਆ ॥**

ਜਿਨ੍ਹਾਂ ਨੇ ਹਿਰਦੇ ਵਿੱਚ ਨਿਸਚਾ ਵਸਾਇਆ ਹੋਵੇ,
ਉਹੀ ਸਤਿਗੁਰੂ ਦੇ ਮਿਲਣ ਤੋਂ ਸੱਚ ਪਾਉਂਦੇ ਹਨ ।

Meeting the Satguru, truth is obtained by those, in whose hearts,
God bestows the truth.

**ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥**

ਮਨਮੱਤ ਵਿੱਚ ਉਮਰ ਗਵਾਉਣ ਵਾਲੇ ਮੂਰਖ ਸੱਚ ਨੂੰ ਨਹੀਂ ਜਾਣਦੇ।

Fools waste life in self-inclination and do not understand the truth.

**ਵਿਚਿ ਦੁਨੀਆ ਕਾਹੇ ਆਇਆ ॥8॥**

ਐਸਾ ਜੀਵ ਜਗ ਵਿੱਚ ਆਇਆ ਹੀ ਕਿਓਂ?

Why has such a person come to this world?

**ਸਲੋਕੁ ਮਃ 1 ॥**

Slok 1st Guru

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥**

ਜੇ ਕੋਈ ਗੱਡਿਆਂ ਦੇ ਗੱਡੇ ਅਤੇ ਢੇਰਾਂ ਦੇ ਢੇਰ ਕਿਤਾਬਾਂ ਪੜ੍ਹ ਲਏ।

If one reads and carries loads of books,

**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥**

ਜੇ ਕੋਈ ਬੇੜੀ ਭਰਨ ਜੋਗੀਆਂ ਅਤੇ

ਵੱਡੇ ਟੋਏ ਭਰਨ ਜੋਗੀਆਂ ਕਿਤਾਬਾਂ ਪੜ੍ਹ ਲਏ।

One may read boat-loads and pit-fulls of books,

**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥**

ਜੇ ਕੋਈ ਮਹੀਨਿਆਂ ਅਤੇ ਸਾਲਾਂ ਬੱਧੀ ਪੜ੍ਹਦਾ ਰਹੇ।

If one reads year after year,

throughout the months

**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥**

ਜੇ ਕੋਈ ਸਾਰੀ ਉਮਰ ਇੱਕ-ਇੱਕ ਸਾਹ ਨਾਲ ਵੀ ਪੜ੍ਹਦਾ ਰਹੇ।

If one reads with every breath throughout one's lifetime,

**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥1॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਪ੍ਰਭੂ ਦੀ ਦਰਗਾਹ ਵਿੱਚ

ਉਸਦੀ ਸਿਫ਼ਤ-ਸਲਾਹ ਹੀ ਕਬੂਲੀ ਜਾਵੇਗੀ,

ਉਸ ਤੋਂ ਬਿਨਾਂ ਇਹ ਸਾਰੀਆਂ ਪੜ੍ਹਾਈਆਂ ਹਉਮੈ ਵਿੱਚ ਭਟਕਾਉਂਦੀਆਂ ਹਨ।

Sri Guru Ji says: Only God's praise counts,

everything else constitutes bragging in ego.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਸਤਿਗੁਰੂ ਰਾਮ ਸਿੰਘ ਜੀ ਦਾ ਰਾਜਸੀ ਮਿਸ਼ਨ



**ਡਾ. ਗੁਰਦੇਵ ਸਿੰਘ ਸਿੱਧੂ**
9417049417

ਇਸ ਕਥਨ ਵਿੱਚ ਕੋਈ ਸ਼ੱਕ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਨਾਲ ਸਿੱਖ ਕੌਮ ਦੇ ਰਾਜਨੀਤਿਕ ਸਵੈ-ਮਾਣ ਵਿੱਚ ਓੜਕ ਦਾ ਵਾਧਾ ਹੋਇਆ। ਇਸ ਰਾਜ ਦੀ ਸਥਾਪਨਾ ਨਾਲ ਨਾ ਕੇਵਲ ਪਿਛਲੀਆਂ ਦੋ ਸਦੀਆਂ ਤੋਂ ਪੱਛਮ ਵਲੋਂ ਵਾਰ ਵਾਰ ਆ ਕੇ ਪੰਜਾਬ ਦੀ ਧਰਤੀ ਨੂੰ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਦਰੜਨ ਉਪਰੰਤ ਉੱਤਰੀ ਭਾਰਤ ਦੀ ਹਰ ਮਨ ਲੁਭਾਉਣੀ ਵਸਤੂ ਨੂੰ ਆਪਣੇ ਮਨ-ਪਰਚਾਵੇ ਲਈ ਕਬਜ਼ੇ ਵਿੱਚ ਲੈ ਕੇ ਆਪਣੇ ਮੁਲਕ ਵਿੱਚ ਲੈ ਜਾਣ ਦੀ ਹੋੜ ਨੂੰ ਹੀ ਠੱਲ੍ਹ ਪਈ ਸਗੋਂ ਅਫਗਾਨੀ ਪਠਾਣਾਂ ਦੇ ਇਕ ਵੱਡੇ ਹਿੱਸੇ ਨੂੰ ਰਣਜੀਤ ਸਿੰਘ ਦੇ ਰਾਜ ਦੀ ਰਿਆਇਆ ਬਣਾ ਲਿਆ ਗਿਆ।

**ਸਿੱਖ ਧਰਮ ਦੀ ਸਥਿਤੀ**

ਪਰ ਏਡੀ ਵੱਡੀ ਸਲਤਨਤ ਸਥਾਪਤ ਕਰ ਲੈਣ ਦਾ ਸਿੱਖ ਧਰਮ ਨੂੰ ਕੋਈ ਲਾਭ ਹੋਣ ਦੀ ਥਾਂ ਸਗੋਂ ਨੁਕਸਾਨ ਹੀ ਹੋਇਆ ਕਿਉਂਕਿ ਉਹ ਸਾਰੇ ਅਵਗੁਣ, ਜੋ ਕਿਸੇ ਵੀ ਰਾਜੇ ਜਾਂ ਜਾਗੀਰਦਾਰ ਦੇ ਚਰਿੱਤਰ ਦਾ ਮੁੱਖ ਲੱਛਣ ਹੁੰਦੇ ਹਨ, ਬੜੀ ਤੇਜ਼ੀ ਨਾਲ ਸਿੱਖ ਸਰਦਾਰਾਂ ਦੀ ਜੀਵਣ-ਜਾਚ ਦਾ ਅੰਗ ਬਣਨ ਲੱਗ ਪਏ। ਇਸ ਸਮੇਂ ਸਿੱਖੀ ਦੀ ਜੋ ਗਤ ਬਣੀ, ਉਸ ਦਾ ਬਿਆਨ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ ਇਉਂ ਕੀਤਾ ਮਿਲਦਾ ਹੈ:

ਔਰੇਂ ਰੀਤ ਔਰੇਂ ਮੀਤ ਔਰੇਂ ਪ੍ਰਤੀਤ ਪ੍ਰੀਤ,
ਖਾਨ, ਪਹਿਰਾਨ, ਗਯਾਨ, ਮਾਨ ਔਰੇਂ ਜਨ ਕੈ।
ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ,
ਕੱਛੇਂ ਤਜ ਗਏ ਧੋਤੀ ਸੁੱਧੂ ਤੰਗ ਤਨ ਕੈ।
ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ,
ਜਿਨੈ ਦੇਖ ਸਿਖੀ ਗਉ ਕੰਬੇ ਤੁਰਕ ਗਨ ਕੈ।
ਸਿਖੀ ਦਸਮੇਸ ਕੀ ਸੁਕੀ ਅਪਰਦੇਸ ਕੀ,
ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੈ।

ਏਕੀਂ ਬਾਰ ਪਾਰੈਂ ਓਚੈਂ ਨਾਕ ਨੋਚੀਂ ਮੋਚਨੇ ਲੈ,
ਕੋਈ ਖੋਚੇਂ ਲਤਨ ਸੋਂ ਸੋਚੀਂ ਨਾ ਲਖਾਇ ਹੈਂ।
ਕੋਊ ਦਾੜੇ ਹੀ ਉਖਾੜੋਂ ਮੂਛੋਂ ਪਾੜੋਂ ਝਾੜਨ ਜਿਉਂ
ਪੂੰਛੈ ਸੇਤ ਛਾੜੋਂ ਕੋਊ ਸਾੜੋਂ ਦਵਾ ਲਾਏ ਹੈਂ।

ਬਗਲੈਂ ਉਪਾਰੈਂ ਕੋਊ ਭੌਂਹੈਂ ਸੋਹੈਂ ਕੀ ਉਖਾਰੈਂ,
ਨਾਸਕਾ ਕੋ ਫਾਰ ਹਾਥ ਮਾਥ ਪੈ ਚਲਾਇ ਹੈਂ।
ਸਿੱਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ,
ਹਾਇ ਵੇ! ਕਸਾਈ ਰਹੇ ਸਿੱਖੀ ਗਊ ਘਾਇ ਹੈਂ।...

ਨਿਜ ਤ੍ਰਿਯ ਤਜ ਕੁਲਟਾ ਵਿਭਚਾਰਨ ਮੁੰਡਿਓਂ ਸੰਗ ਰਮੈਂ ਹੈਂ ਜੇ।
ਤਿਨਕੇ ਸੰਗੀ ਬਾਦ ਫੰਗੀ ਬਹੁਤ ਨਮਰਦ ਥਵੈਂ ਹੈਂ ਜੇ।
ਸਿੰਘ ਸੁਨਹਿਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈਂ।
ਸਰਮ ਹਿਆਉ ਸੁਕਰਮ ਧਰਮ ਤਜ ਪੈ ਕੁਕਰਮ ਮੈਂ ਸੋਊ ਮਰੈਂ।[1]

ਇਕ ਹੋਰ ਲੇਖਕ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇਸੇ ਸਥਿਤੀ ਨੂੰ ਇਉਂ ਬਿਆਨ ਕੀਤਾ ਹੈ:

"ਜਾਂ ਰਣਜੀਤ ਸਿੰਘ ਦੇਵ ਲੋਕ ਕੋ ਚਲੇ ਗਏ ਤਾਂ ..ਆਪੋ ਧਾਪ ਹੋਈ । ਜੋ ਜੋ ਨਿਕਟ ਵਰਤੀ ਹਾਕਮ ਸੇ ਤਿਨ੍ਹਾਂ ਕਾ ਜ਼ੋਰ ਹੋਇਆ। ਮਾਸ, ਸ਼ਰਾਬ, ਕਬਾਬ ਬਹੁਤ ਖਾਣੇ ਲਗੇ। ਸ਼ੁਭ ਕਰਮ ਹਟਦੇ ਗਏ, ਮਾੜੇ ਕਰਮ ਸਬ ਲੋਕ ਕਰਨੇ ਲਗੇ।... ... ਮੁੰਡੇ ਔਰ ਵੇਸਵਾ ਕੇ ਜਾਣੇ ਲਗੇ। ਕਿਸੀ ਕਾ ਭੈਅ ਨਾ ਰਹਿਆ ਸਿਰ ਪਰ। ਆਪ ਆਪਣੇ ਹੁਕਮ ਚਲਾਉਣੇ ਲਗੇ। ਜੁਲਮੀਆਂ ਭੀ ਕਰਨੇ ਲਗੇ, ਪਰਤਿਆ ਕੀ ਸੇਜਾ ਜਾਣੇ ਲਗੇ।"[2]

ਉਪਰੋਕਤ ਸਥਿਤੀ ਦੇ ਬੜੇ ਦੁੱਖਦਾਈ ਨਤੀਜੇ ਨਿਕਲੇ। ਪਹਿਲਾ ਇਹ ਕਿ ਰਾਜਸੀ ਪ੍ਰਭੁਸੱਤਾ ਕਾਰਨ ਪ੍ਰਾਪਤ ਹੋਈ ਖੁਸ਼ਹਾਲੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਮੇਤ ਹੋਰ ਅਨੇਕਾਂ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ

ਉਸਾਰਨ ਦਾ ਕਾਰਨ ਤਾਂ ਭਾਵੇਂ ਬਣੀ ਪਰ ਇਹਨਾਂ ਧਰਮ ਅਸਥਾਨਾਂ ਵਿੱਚੋਂ ਖਾਲਸ ਸਿੱਖ ਧਰਮ ਦੇ ਪਰਚਾਰ-ਪਰਸਾਰ ਲਈ ਉੱਠਣ ਵਾਲੀ ਆਵਾਜ਼ ਮੰਦ ਪੈਂਦੀ ਗਈ। ਦੂਜਾ ਇਹ ਕਿ ਸਰਦਾਰੀਆਂ ਮਿਲਣ ਉਪਰੰਤ ਸਿੱਖ ਸਰਦਾਰ ਗੁਰਦੁਆਰਾ ਪ੍ਰਬੰਧ ਵਲੋਂ ਬੇਧਿਆਨੇ ਹੋ ਗਏ ਜਿਸਦਾ ਲਾਭ ਉਠਾਉਂਦਿਆਂ ਗੁਰਦੁਆਰਿਆਂ ਵਿਚ ਪਾਠ-ਪੂਜਾ ਦੀ ਸੇਵਾ ਨਿਭਾ ਰਹੇ ਸਾਧੂਆਂ ਅਤੇ ਮਹੰਤਾਂ ਵਿਚ ਇਸ ਜ਼ਿੰਮੇਵਾਰੀ ਨੂੰ ਢੁੱਕਵੇਂ ਸਿੱਖ-ਸੇਵਾਦਾਰਾਂ ਨੂੰ ਸੌਂਪੇ ਜਾਣ ਦੀ ਥਾਂ ਇਸ ਨੂੰ ਜੱਦੀ-ਪੁਸ਼ਤੀ ਬਣਾਉਣ ਦਾ ਰੁਝਾਨ ਜ਼ੋਰ ਫੜਣ ਲੱਗ ਪਿਆ। ਪਿਛਲੇਰੇ ਮਨੋਰਥ ਦੀ ਪ੍ਰਾਪਤੀ ਲਈ ਸਰਕਾਰੀ ਸਰਪ੍ਰਸਤੀ ਦੀ ਲੋੜ ਸੀ ਇਸ ਲਈ ਇਹ ਮਹੰਤ ਅਥਵਾ ਪੁਜਾਰੀ ਅੰਗਰੇਜ਼ ਹਾਕਮਾਂ ਦੇ ਹੱਥਾਂ ਵਿਚ ਖੇਡਣ ਲੱਗੇ।

ਜਦੋਂ ਸਤਿਗੁਰੂ ਰਾਮ ਸਿੰਘ (ਜਨਮ 1816 ਈ.) ਨੇ ਸੁਰਤ ਸੰਭਾਲੀ, ਤਾਂ ਯਕੀਨਨ ਨਿਕਟ ਭੂਤ ਵਿੱਚ ਸਿੱਖ ਚਰਿੱਤਰ ਦੇ ਮਿਸਾਲੀ ਗੁਣਾਂ ਦੀ ਜਾਣਕਾਰੀ ਉਹਨਾਂ ਨੇ ਗ੍ਰਹਿਣ ਕੀਤੀ ਅਤੇ ਇਹਨਾਂ ਗੁਣਾਂ ਦੇ ਸਦਕਾ ਸਿੱਖ ਰਾਜ ਦੀ ਉਸਾਰੀ ਵਿੱਚ ਭਾਈਵਾਲ ਸਿੱਖ ਸੈਨਿਕਾਂ ਅਤੇ ਹੋਰਨਾਂ ਵੱਲੋਂ ਘਾਲੀਆਂ ਘਾਲਨਾਵਾਂ ਦੀਆਂ ਵਾਰਤਾਵਾਂ ਉਹਨਾਂ ਨੇ ਆਪਣੇ ਕੰਨੀਂ ਸੁਣੀਆਂ। ਜਾਪਦਾ ਹੈ ਕਿ ਗੁਰਮਤ ਮਾਰਗ ਦੀ ਰੋਸ਼ਨੀ ਵਿਚ ਬਿਖੜੇ ਸਮੇਂ ਦੀਆਂ ਔਕੜਾਂ ਖਿੜੇ ਮੱਥੇ ਸਹਾਰਦਿਆਂ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਇਹਨਾਂ ਸੂਰਬੀਰ ਸਿੱਖਾਂ ਦੇ ਜੀਵਨ ਦੀਆਂ ਰੋਮਾਂਚਪੂਰਨ ਘਟਨਾਵਾਂ ਪੜ੍ਹਦਿਆਂ ਸੁਣਦਿਆਂ ਭਵਿਖ ਵਿਚ ਅਜਿਹੀਆਂ ਘਟਨਾਵਾਂ ਦਾ ਖੁਦ ਪਾਤਰ ਬਣਨ ਦੀ ਇੱਛਾ ਕਾਰਨ ਉਹ 1837 ਈਸਵੀ ਵਿੱਚ, ਜਦੋਂ ਉਮਰ 21 ਕੁ ਸਾਲ ਦੀ ਸੀ, ਲਾਹੌਰ ਦਰਬਾਰ ਦੇ ਤੋਪਖ਼ਾਨੇ ਵਿੱਚ ਨੌਕਰ ਆਪਣੇ ਭਣਵਈਏ ਸ: ਕਾਬਲ ਸਿੰਘ ਪਿੰਡ ਰਾਇਪੁਰ (ਜ਼ਿਲ੍ਹਾ ਲੁਧਿਆਣਾ) ਦੇ ਮਾਧਿਅਮ ਦੁਆਰਾ ਕੰਵਰ ਨੌਂ ਨਿਹਾਲ ਸਿੰਘ ਦੇ ਰਸਾਲੇ ਵਿੱਚ ਭਰਤੀ ਹੋ ਗਏ। ਸੈਨਿਕ ਜੀਵਨ ਦੌਰਾਨ ਉਹਨਾਂ ਨੇ ਸਿੱਖ ਕੌਮ ਵਲੋਂ ਰਾਜਨੀਤਿਕ ਪ੍ਰਾਪਤੀ ਕਰਨ ਉਪਰੰਤ ਸਿੱਖ ਕੌਮੀ ਚਰਿੱਤਰ ਵਿੱਚ ਆਏ ਆਮ ਨਿਘਾਰ ਨੂੰ ਆਪਣੀ ਅੱਖੀਂ ਵੇਖਿਆ ਅਤੇ ਹੱਡੀਂ ਹੰਢਾਇਆ। ਨਿਰਸੰਦੇਹ, ਲਾਹੌਰ ਦਰਬਾਰ ਨਾਲ ਵਾਪਰਨ ਵਾਲੀ ਭਾਵੀ ਉਹਨਾਂ ਸਾਹਮਣੇ ਪ੍ਰਤੱਖ ਹੋ ਉੱਠੀ। ਫਲਸਰੂਪ ਲਗਭਗ ਅੱਠ ਨੌਂ ਸਾਲ ਦੀ ਸੈਨਿਕ ਸੇਵਾ ਉਪਰੰਤ, ਅੰਗਰੇਜ਼ਾਂ ਅਤੇ ਸਿੱਖਾਂ ਦਰਮਿਆਨ 1845-46 ਈਸਵੀ ਵਿੱਚ ਹੋਈਆਂ ਝੜਪਾਂ ਦੌਰਾਨ ਗਦਾਰ ਸਿੱਖ ਆਗੂਆਂ ਦੀਆਂ ਕਰਤੂਤਾਂ ਵੇਖਦਿਆਂ ਉਹ ਸੈਨਿਕ ਜੀਵਨ ਦਾ ਭੋਗ ਪਾ ਕੇ ਆਪਣੇ ਪਿੰਡ ਆ ਗਏ। ਏਨੇ ਕੁ ਸੈਨਿਕ ਅਨੁਭਵ ਸਦਕਾ ਨਿਰਭੈਤਾ, ਸਮੇਂ ਦੀ ਪਾਬੰਦੀ, ਨਿਰਧਾਰਿਤ ਮਿਸ਼ਨ ਦੀ ਪ੍ਰਾਪਤੀ ਲਈ ਸਾਥੀਆਂ ਦਾ ਸਹਿਯੋਗ ਲੈਣ ਆਦਿ ਦੇ ਗੁਣ ਉਹਨਾਂ ਦੇ ਵਿਅਕਤੀਗਤ ਚਰਿੱਤਰ ਦਾ ਭਾਗ ਬਣ ਚੁੱਕੇ ਸਨ। ਆਪਣੇ ਭਾਵੀ ਜੀਵਨ ਦੌਰਾਨ ਉਹਨਾਂ ਨੇ ਕੂਕਾ ਸੰਪ੍ਰਦਾ ਦੇ ਨਿਰਮਾਣ ਦੌਰਾਨ ਇਹਨਾਂ ਸਾਰੇ ਗੁਣਾਂ ਦਾ ਸਦ ਉਪਯੋਗ ਕੀਤਾ।

ਅੰਗਰੇਜ਼ਾਂ ਦੁਆਰਾ ਕੁੱਝ ਹੀ ਸਾਲਾਂ ਵਿਚ ਆਪਣੇ ਸਾਜ਼ਿਸ਼ੀ ਅਤੇ ਸ਼ੈਤਾਨੀ ਸੁਭਾਅ ਦੇ ਬਲਬੂਤੇ ਪੰਜਾਬ ਨੂੰ ਅੰਗਰੇਜ਼ੀ ਸਲਤਨਤ ਦਾ ਇਕ ਹਿੱਸਾ ਬਣਾ ਲੈਣ ਦੀ ਪੜਾਅ-ਦਰ-ਪੜਾਅ ਘਟਨਾਵਲੀ ਸਤਿਗੁਰੂ ਰਾਮ ਸਿੰਘ ਨੇ ਆਪਣੀ ਅੱਖੀਂ ਦੇਖੀ ਅਤੇ ਕੰਨੀ ਸੁਣੀ। ਉਸ ਸਮੇਂ ਦੇ ਹੋਰ ਬਹੁਤ ਸਾਰੇ ਸੁਹਿਰਦ ਸਿੱਖ ਆਗੂਆਂ ਵਾਂਗ ਸਤਿਗੁਰੂ ਰਾਮ ਸਿੰਘ ਵੀ ਅੰਗਰੇਜ਼ੀ ਰਾਜ ਦੀ ਸਥਾਪਨਾ ਨੂੰ ਭਵਿੱਖ ਵਿੱਚ ਪੰਜਾਬ, ਇੱਥੋਂ ਦੇ ਵਸਨੀਕਾਂ ਅਤੇ ਸਿੱਖ ਧਰਮ ਲਈ ਸ਼ੁਭਸ਼ਗਨ ਨਹੀਂ ਸਨ ਸਮਝਦੇ। ਫਲਸਰੂਪ ਉਹਨਾਂ ਇਸ ਮਲੇਛੀ ਰਾਜ ਤੋਂ ਪੰਜਾਬ ਦੀ ਮੁਕਤੀ ਨੂੰ ਆਪਣੇ ਜੀਵਨ ਦਾ ਨਿਸ਼ਾਨਾ ਮਿਥ ਲਿਆ ਪਰ ਨਿਰਸੰਦੇਹ ਉਹਨਾਂ ਲਈ ਇਸ ਨਿਸ਼ਾਨੇ ਦੀ ਪ੍ਰਾਪਤੀ ਮੋਟੀਆਂ ਤਨਖ਼ਾਹਾਂ ਅਤੇ ਲੁੱਟੀਆਂ ਵਸਤਾਂ ਦੀ ਵੰਡ ਵੰਡਾਈ ਦੇ ਆਧਾਰ ਉੱਤੇ ਇਕੱਠੇ ਕੀਤੇ ਸੈਨਿਕਾਂ ਦੁਆਰਾ ਨਹੀਂ, ਸਗੋਂ ਉੱਚੀਆਂ ਸੁੱਚੀਆਂ ਆਚਰਣਕ ਕਦਰਾਂ ਕੀਮਤਾਂ ਵਾਲੀ ਸ਼ੁੱਧ ਭਾਵਨਾ ਹਿਤ ਧਰਮ-ਕਰਮ ਨਾਲ ਜੁੜੀ 'ਸੰਤ ਸਿਪਾਹੀ' ਬਣੀ ਸੰਗਤ ਰਾਹੀਂ ਹੀ ਸੰਭਵ ਸੀ। ਨਿਰਧਾਰਿਤ ਨਿਸ਼ਾਨੇ ਦੀ ਪ੍ਰਾਪਤੀ ਲਈ ਲਗਭਗ ਇਕ ਦਹਾਕੇ ਦੇ ਆਤਮ ਚਿੰਤਨ ਅਤੇ ਵਿਵਹਾਰਿਕ ਪੱਧਰ ਉੱਤੇ ਕਾਰਜਸ਼ੀਲ ਰਹਿਣ ਉਪਰੰਤ ਉਹਨਾਂ ਸੰਮਤ 1914 ਦੀ ਵਿਸਾਖੀ ਮੁਤਾਬਿਕ 11 ਅਪ੍ਰੈਲ 1857 ਨੂੰ ਆਪਣੇ ਪੰਜ ਸੇਵਕਾਂ ਕਾਨ੍ਹ ਸਿੰਘ ਨਿਹੰਗ, ਲਾਭ ਸਿੰਘ ਰਾਗੀ, ਆਤਮਾ ਸਿੰਘ, ਨੈਣਾ ਸਿੰਘ ਅਤੇ ਸੁੱਧ ਸਿੰਘ ਨੂੰ ਅੰਮ੍ਰਿਤ ਛਕਾ ਕੇ ਨਾਮਧਾਰੀ ਸੰਪਰਦਾ ਦੀ ਸਥਾਪਨਾ ਕੀਤੀ। ਨਾਮਧਾਰੀ ਅਥਵਾ ਕੂਕਾ ਸਮੁਦਾਇ ਵਿਚ ਇਸ ਦਿਨ ਨੂੰ 'ਚੌਦੇਂ ਦੀ ਵਿਸਾਖੀ', ਅੰਮ੍ਰਿਤ ਛਕਾਉਣ ਦੀ ਕ੍ਰਿਆ ਨੂੰ 'ਸੰਤ ਖਾਲਸਾ ਪ੍ਰਗਟ ਕਰਨਾ ਅਤੇ ਗੁਰ ਮੰਤਰ ਦੇਣ ਨੂੰ 'ਨਾਮ ਦੇਣਾ' ਕਹਿ ਕੇ ਯਾਦ ਕੀਤਾ ਜਾਂਦਾ ਹੈ।

ਸਤਿਗੁਰੂ ਰਾਮ ਸਿੰਘ ਦੁਆਰਾ ਨਾਮਧਾਰੀ ਜਥੇਬੰਦੀ ਉਸਾਰੇ ਜਾਣ ਪਿੱਛੇ ਦੱਸੇ ਉਪਰੋਕਤ ਮਨੋਰਥ ਦੀ ਪੁਸ਼ਟੀ ਲਈ ਤਿੰਨ ਸੂਚਨਾ ਸ੍ਰੋਤ ਸਾਡਾ ਮਾਰਗ ਦਰਸ਼ਨ ਕਰਦੇ ਹਨ। ਇਹ

ਹਨ:
(ੳ) ਪੁਰਾਤਨ ਨਾਮਧਾਰੀ ਗ੍ਰੰਥ,
(ਅ) ਅੰਗਰੇਜ਼ੀ ਸਰਕਾਰ ਦੇ ਤਤਕਾਲੀਨ ਦਸਤਾਵੇਜ਼, ਅਤੇ
(ੲ) ਇਤਿਹਾਸਕਾਰਾਂ ਦੀਆਂ ਰਾਵਾਂ।
ਆਓ ਵੇਖੀਏ, ਇਹ ਸ੍ਰੋਤ ਇਸ ਵਿਸ਼ੇ ਬਾਰੇ ਕੀ ਦੱਸਦੇ ਹਨ।

**ਪੁਰਾਤਨ ਨਾਮਧਾਰੀ ਗ੍ਰੰਥਾਂ ਦੀ ਗੁਆਹੀ:**

ਪਹਿਲਾਂ ਗੱਲ ਨਾਮਧਾਰੀ ਸੰਪਰਦਾ ਦੇ ਇਤਿਹਾਸਕ ਦਸਤਾਵੇਜ਼ਾਂ ਅਥਵਾ ਗ੍ਰੰਥਾਂ ਦੀ, ਜਿਨ੍ਹਾਂ ਵਿੱਚ ਸਰਬੋਤਮ ਸਥਾਨ ਰੱਖਦੇ ਹਨ, ਸਤਿਗੁਰੂ ਰਾਮ ਸਿੰਘ ਵੱਲੋਂ ਆਪਣੇ ਬੰਦੀ ਜੀਵਨ ਦੌਰਾਨ ਨਾਮਧਾਰੀ ਸੰਗਤ ਦੇ ਨਾਮ ਭੇਜੇ ਗਏ 'ਹੁਕਮਨਾਮੇਂ''। ਨਾਮਧਾਰੀ ਸੰਪਰਦਾ ਦਾ ਇਤਿਹਾਸ ਜਾਨਣ ਲਈ ਇਹ ਹੁਕਮਨਾਮੇ ਇਕ ਪ੍ਰਮਾਣਿਕ ਦਸਤਾਵੇਜ਼ ਹਨ ਜਿਨ੍ਹਾਂ ਤੋਂ ਨਾਮਧਾਰੀ ਮਾਨਸਿਕਤਾ ਦੀ ਦਸ਼ਾ ਅਤੇ ਦਿਸ਼ਾ ਬਾਰੇ ਵਿਸ਼ਵਾਸ਼ਯੋਗ ਸੂਚਨਾ ਮਿਲਦੀ ਹੈ। ਇਹ ਸਹੀ ਹੈ ਕਿ ਦੂਰਅੰਦੇਸ਼ੀ ਅਤੇ ਪਰਦਾਦਾਰੀ ਵਰਤਦਿਆਂ ਇਹਨਾਂ ਹੁਕਮਨਾਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਨੇ ਆਪਣੇ ਰਾਜਨੀਤਿਕ ਉਦੇਸ਼ ਬਾਰੇ ਕੋਈ ਸਪਸ਼ਟ ਅਤੇ ਠੋਸ ਗੱਲ ਨਹੀਂ ਲਿਖੀ। ਨਿਰਸੰਦੇਹ ਅਜਿਹਾ ਕੁਟਨੀਤੀ ਅਤੇ ਦੂਰਅੰਦੇਸ਼ੀ ਵਰਤਦਿਆਂ ਕੀਤਾ ਗਿਆ ਹੈ ਉਂਝ ਇਹਨਾਂ ਹੁਕਮਨਾਮਿਆਂ ਵਿਚ ਸਮਕਾਲੀ ਰਾਜਨੀਤਿਕ ਘਟਨਾਵਾਂ ਬਾਰੇ ਆਏ ਹਵਾਲੇ ਇਹਨਾਂ ਦੇ ਲੇਖਕ ਦੀ ਸੋਚ ਬਾਰੇ ਕੋਈ ਸ਼ੱਕ ਸ਼ੁਬਾਹ ਨਹੀਂ ਰਹਿਣ ਦਿੰਦੇ। ਇਹਨਾਂ ਹੁਕਮਨਾਮਿਆਂ ਦਾ ਸਰਸਰੀ ਪਾਠ ਹੀ ਸਪਸ਼ਟ ਕਰ ਦਿੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਆਪਣੇ ਹੁਕਮਨਾਮਿਆਂ ਵਿੱਚ ਰੂਸ ਦੁਆਰਾ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਕੱਢ ਦੇਣ ਬਾਰੇ ਵਾਰ ਵਾਰ ਜ਼ਿਕਰ ਕੀਤਾ ਹੈ। ਇਕ ਥਾਂ ਉੱਤੇ ਤਾਂ ਉਹਨਾਂ ਆਪਣੀ ਦੇਸ ਵਾਪਸੀ ਵੱਲ ਸੰਕੇਤ ਕਰਦਿਆਂ ਸਪਸ਼ਟ ਲਿਖਿਆ ਹੈ ਕਿ "ਰੂਸਾ ਕੇ ਆਏ ਤੇ ਆਵਾਂਗੇ।"[3] ਅਤੇ ਕੁੱਝ ਹੋਰ ਹੁਕਮਨਾਮਿਆਂ ਵਿਚ ਉਹ ਰੂਸ ਦੀ ਸੈਨਿਕ ਸਥਿਤੀ ਬਾਰੇ ਇਉਂ ਜਾਣਕਾਰੀ ਮੰਗਦੇ ਹਨ:
(ੳ) ਹੋਰ ਤੁਸੀਂ ਹੁਣੇ ਸਿੰਘ ਨਾ ਭੇਜਿਓ। ਕੁੱਛ ਸਰੂਪ ਸਿੰਘ ਦਾ ਮੇਲ ਦੇਖ ਕੇ ਆਵੇ।
(ਅ) ਹੋਰ ਕੁਛ ਰੂਸ ਦੀ ਖਬਰ ਹੋਵੇ ਕੇ ਬੁਖਾਰੇ ਈ ਹੈ ਕੇ ਕਾਬੁਲ ਕੀ ਤਰਫ ਚੱਲਿਆ ਹੈ ਕਿ ਨਾਹੀ।
(ੲ) ਅਰੁ ਪਛੌਰ ਵਲ ਦਾ ਕੀ ਹਾਲ ਹੈ? ਰੂਸ ਆਇ ਪਹੁੰਚਾ ਹੈ ਕਾਬੁਲ ਦੇਸ ਮੈਂ ਕਿ ਅਜੇ ਕਿਤੇ ਦੂਰ ਈ ਹੈ। [4]

ਕੁੱਝ ਹੋਰ ਹੁਕਮਨਾਮਿਆਂ ਵਿਚ ਉਹ ਸਿੱਧਾ ਲਿਖਣ ਦੀ ਥਾਂ ਸੰਕੇਤਕ ਭਾਸ਼ਾ ਵਰਤਦੇ ਹਨ। ਸੰਭਵ ਇਹ ਪ੍ਰਤੀਤ ਹੁੰਦਾ ਹੈ ਕਿ ਜਦੋਂ ਉਹਨਾਂ ਨੂੰ ਇਹ ਸੂਚਨਾ ਮਿਲਦੀ ਕਿ ਉਹਨਾਂ ਦੇ ਨਾਮਧਾਰੀ ਸੰਗਤ ਨੂੰ ਲਿਖੇ ਪੱਤਰ ਸਰਕਾਰ ਦੇ ਹੱਥ ਆ ਰਹੇ ਹਨ ਤਾਂ ਉਹ ਸੰਕੇਤਕ ਭਾਸ਼ਾ ਵਰਤਦੇ। ਇਹ ਦੱਸ ਦੇਣਾ ਯੋਗ ਹੋਵੇਗਾ ਕਿ ਅਜਿਹੇ ਹਵਾਲਿਆਂ ਵਿੱਚ ਉਹਨਾਂ ਰੂਸ ਲਈ 'ਸਰੂਪ ਸਿੰਘ' ਅਤੇ ਅੰਗਰੇਜ਼ਾਂ ਲਈ 'ਬਿੱਲਾ ਸਿੰਘ' ਕੋਡ ਦੀ ਵਰਤੋਂ ਕੀਤੀ ਹੈ। ਅਜਿਹੇ ਕੁੱਝ ਵਾਕ ਇਹ ਹਨ:
(ੳ) ਸਰੂਪ ਸਿੰਘ ਪੰਜਾਬ ਮੈਂ ਆਵੇ ਤਦ ਲਿਖਣਾ। ਗੁਰੂ ਜੀ ਦਾ ਬਚਨ ਹੈ ਜਦ ਮਾਝੇ ਵਿਚ ਸਰੂਪ ਸਿੰਘ ਆਵੇ ਫੇਰ ਡੇਰ ਨਹੀਂ ਲਿਖੀ ਹੈ।
(ਅ) ਜੋ ਏਥੋਂ ਸਿਆਮ ਸਿੰਘ ਤਖਾਣ ਗਿਆ ਹੈ. ਓਹ ਆਖ ਗਿਆ ਹੈ ਜਾਂਦਾ ਹੋਆ ਜੋ ਮੈਂ ਜਲਦੀ ਆਇ ਜਾਮਾਗਾ ਰੰਗੂਨ ਕੋ। ਤਾ ਤੂ ਓਸਦੇ ਪਾਸ ਸਾਰਾ ਹਵਾਲ ਦੇਈ ਲਿਖਕੇ ਸਰੂਪ ਸਿੰਘ ਦਾ ਤੇ ਬਿਲਾ ਸਿੰਘ ਦਾ ਜ਼ਰੂਰ। [5]

ਉਹਨੀਂ ਦਿਨੀਂ ਅੰਗਰੇਜ਼ਾਂ ਨੂੰ ਪੰਜਾਬ ਵਿੱਚੋਂ ਕੱਢੇ ਜਾਣ ਲਈ ਸਮਾਂ ਸੀਮਾ ਨਿਰਧਾਰਤ ਕਰਨ ਵਾਲੀ ਇਕ ਮਨੌਤ ਦੀ ਆਮ ਹੀ ਚਰਚਾ ਸੀ। ਸਤਿਗੁਰੂ ਰਾਮ ਸਿੰਘ ਨੇ ਇਸ ਮਨੌਤ ਦਾ ਜ਼ਿਕਰ ਆਪਣੇ ਇਹਨਾਂ ਹੁਕਮਨਾਮਿਆਂ ਵਿੱਚ ਕਈ ਥਾਂ ਕੀਤਾ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ ਆਪਣੇ ਸ਼ਰਧਾਲੂਆਂ ਭਾਈ ਸ਼ਿਆਮ ਸਿੰਘ, ਨਿਵਾਸੀ ਸਿਰਹਾਲੀ ਅਤੇ ਭਾਈ ਕਾਨ੍ਹ ਸਿੰਘ ਨਿਵਾਸੀ ਬੁਰਜ ਰਾਇ ਕਾ ਨੂੰ ਸੰਬੋਧਿਤ ਹੁਕਮਨਾਮੇਂ ਵਿੱਚ ਲਿਖਿਆ ਹੈ, "ਤੇਤੀ ਸਾਲ ਤੋਂ ਸ਼ੁਰੂ ਹੋਣਾ ਲਿਖਾ ਹੈ, ਮਹਾਰਾਜ ਨੇ, ਚਾਲੀ ਸਾਲ ਮੁੱਕ ਜਾਣਾ।"[6] ਇਹਨਾਂ ਦੋਵਾਂ ਨਾਮਧਾਰੀ ਸਿੱਖਾਂ ਨੂੰ ਸੰਬੋਧਿਤ ਕਰਕੇ ਲਿਖੇ ਇਕ ਹੋਰ ਹੁਕਮਨਾਮੇਂ ਵਿੱਚ ਦਰਜ ਹੈ, "ਉਹ ਜੋ ਅਰਦਾਸ ਤੁਸਾਂ ਨੂੰ ਦਿਖਾਈ ਸੀ ਮਾਲਵੇ, ਓਸ ਕੰਮ ਦੀ ਬੀ ਤਿਆਰੀ ਹੋਈ ਸੁਣਦੇ ਹਾਂ (ਅੰਗਰੇਜ਼ਾਂ ਵਿਰੁੱਧ ਰੋਹ ਉਭਾਰਨ ਦੀ ਤਿਆਰੀ -ਲੇਖਕ) ਅੱਛੇ ਅੱਛੇ ਲੋਕਾਂ ਦੀ ਜ਼ਬਾਨੀ ਅਰ ਹੋਰ ਵੀ ਅਸੀਂ ਗੁਰੂ ਜੀ ਦੀਆਂ ਸਾਖੀਆਂ ਦਾ ਬੀ ਕੁਛ ਬਚਨ ਬਿਚਾਰਾ ਅਛੀ ਤਰ੍ਹਾਂ। ਕੁਛਕੁ ਇਹ ਕੰਮ ਚੌਂਤੀ ਸਾਲ ਲੱਗੇ ਤੇ ਸ਼ੁਰੂ ਚਾਹੀਦਾ ਹੈ।"[7]

ਨਾਮਧਾਰੀ ਇਤਿਹਾਸ ਬਾਰੇ ਭਰੋਸੇਯੋਗ ਜਾਣਕਾਰੀ ਦੇਣ ਵਾਲਾ ਨਾਮਧਾਰੀ ਦਰਬਾਰ, ਭੈਣੀ ਸਾਹਿਬ ਸਾਹਿਬ (ਜ਼ਿਲ੍ਹਾ ਲੁਧਿਆਣਾ) ਵਿੱਚ ਸੁਰੱਖਿਅਤ ਹੱਥ-ਲਿਖਤ ਗ੍ਰੰਥ "ਸਤਿਗੁਰੂ ਬਿਲਾਸ", ਜੋ ਉਨੀਂਵੀ ਸਦੀ ਦੀ ਰਚਨਾ ਹੈ, ਵਿਚਲੇ ਕਥਨ ਵੀ ਸਤਿਗੁਰੂ ਰਾਮ ਸਿੰਘ ਦੇ ਉਦੇਸ਼ ਬਾਰੇ ਰੌਸ਼ਨੀ ਪਾਉਂਦੇ ਹਨ। ਇਸ ਗ੍ਰੰਥ ਦਾ ਲੇਖਕ ਭਾਈ ਸੰਤੋਖ

ਸਿੰਘ ਬਾਹੋਵਾਲ ਮਾਨਸਿਕ ਭਟਕਣਾਂ ਤੋਂ ਨਵਿਰਤੀ ਲਈ ਅਨੇਕਾਂ ਸਾਧੂਆਂ ਸੰਤਾਂ ਦੀ ਸੰਗਤ ਵਿੱਚ ਰਹਿ ਕੇ ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਵਿੱਚ ਅਸਫਲ ਰਹਿਣ ਉਪਰੰਤ 1882 ਈਸਵੀ ਵਿੱਚ ਭੈਣੀ ਸਾਹਿਬ ਸਾਹਿਬ ਆਇਆ ਅਤੇ ਫਿਰ ਇੱਥੇ ਹੀ ਟਿਕ ਗਿਆ। ਉਸਨੇ ਇਸ ਸਮੇਂ ਤੋਂ ਹੀ ਸਤਿਗੁਰੂ ਰਾਮ ਸਿੰਘ ਦੇ ਬਾਲ-ਸਖਾਈ ਮਿੱਤਰਾਂ ਖਾਸ ਕਰਕੇ ਉਹਨਾਂ ਦੇ ਛੋਟੇ ਭਰਾ ਭਾਈ ਬੁੱਧ ਸਿੰਘ, ਸਤਿਗੁਰੂ ਰਾਮ ਸਿੰਘ ਦੇ ਗੜਵਈ ਭਾਈ ਨਾਨੂੰ ਸਿੰਘ (ਜਿਸ ਨੇ ਲੰਮਾ ਸਮਾਂ ਸਤਿਗੁਰੂ ਜੀ ਨਾਲ ਜੇਲ੍ਹ ਵਿਚ ਵੀ ਗੁਜ਼ਾਰਿਆ), ਸਤਿਗੁਰੂ ਰਾਮ ਸਿੰਘ ਦੇ ਨਾਲ ਹੀ ਗ੍ਰਿਫਤਾਰ ਹੋ ਕੇ ਲੰਮਾ ਸਮਾਂ ਬੰਦੀ ਰਹਿਣ ਉਪਰੰਤ ਰਿਹਾਅ ਹੋ ਕੇ ਆਏ ਨਾਮਧਾਰੀ ਸੂਬਿਆਂ, ਪੁਰਾਤਨ ਸੰਗੀਆਂ ਸਾਥੀਆਂ, ਆਦਿ ਤੋਂ ਸਮਾਚਾਰ ਸੁਣ ਕੇ ਅੰਕਿਤ ਕਰਨੇ ਸ਼ੁਰੂ ਕੀਤੇ ਅਤੇ ਲਗਪਗ ਡੇਢ ਦਹਾਕੇ ਦੀ ਮਿਹਨਤ ਨਾਲ ਇਸ ਗ੍ਰੰਥ ਦੀ ਰਚਨਾ ਕੀਤੀ। ਇਉਂ ਸਤਿਗੁਰੂ ਰਾਮ ਸਿੰਘ ਦੇ ਜੀਵਨ ਸਮਾਚਾਰਾਂ ਦਾ ਵੇਰਵਾ ਦੇਣ ਵਾਲਾ, ਸਤਿਗੁਰੂ ਰਾਮ ਸਿੰਘ ਦੇ ਕਿਸੇ ਪੈਰੋਕਾਰ ਦੁਆਰਾ ਲਿਖਿਆ, ਇਹ ਪਹਿਲਾ ਗ੍ਰੰਥ ਹੈ। ਸ੍ਰੀ ਜਸਵਿੰਦਰ ਸਿੰਘ ਦਾ ਇਹ ਮੰਨਣਾ ਕਿ "ਅੱਜ ਤੱਕ ਨਾਮਧਾਰੀ ਸਮਾਜ ਬਾਰੇ ਅਤੇ ਇਤਿਹਾਸ ਬਾਰੇ ਜੋ ਕੁੱਛ ਵੀ ਲਿਖਿਆ ਗਿਆ ਹੈ ਉਸਦਾ ਮੂਲ ਆਧਾਰ ਅਤੇ ਸਰੋਤ ਇਹ ਗ੍ਰੰਥ ਹੀ ਹੈ" [8] ਅਤੇ ਕਿ "ਸਤਿਗੁਰੂ ਬਿਲਾਸ ਨਾਮਧਾਰੀ ਸਮਾਜ ਬਾਰੇ ਜਾਣਕਾਰੀ ਦਾ ਬੁਨਿਆਦੀ ਸਰੋਤ ਹੈ" [9] ਇਸ ਗ੍ਰੰਥ ਦੇ ਇਤਿਹਾਸਿਕ ਮਹੱਤਵ ਦਾ ਲਖਾਇਕ ਹੈ। ਆਓ ਵੇਖੀਏ। ਇਹ ਗ੍ਰੰਥ-ਕਰਤਾ ਸਤਿਗੁਰੂ ਜੀ ਦੇ ਮਨੋਰਥ ਬਾਰੇ ਕੀ ਜਾਣਕਾਰੀ ਦਿੰਦਾ ਹੈ।

ਸਤਿਗੁਰੂ ਰਾਮ ਸਿੰਘ ਨੇ ਪਹਿਲੀ ਵੈਸਾਖ 1914 ਬਿਕ੍ਰਮੀ ਮੁਤਾਬਕ 12 ਅਪ੍ਰੈਲ, 1857 ਈਸਵੀ, ਦਿਨ ਸ਼ਨਿਚਰਵਾਰ ਨੂੰ ਭੈਣੀ ਸਾਹਿਬ ਵਿਖੇ ਕੂਕਿਆਂ ਦੀ ਪਹਿਲੀ ਵਿਸ਼ਾਲ ਇਕੱਤਰਤਾ ਕੀਤੀ। ਇਸ ਦੀਵਾਨ ਵਿੱਚ ਉਹਨਾਂ ਆਪਣੇ ਅਨੁਆਈਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ। ਜਾਪਦਾ ਹੈ, ਉਹਨਾਂ ਆਪਣੇ ਅਨੁਆਈਆਂ ਨੂੰ ਸਿੱਖ ਰਾਜ ਦੀ ਪੁਨਰ- ਸਥਾਪਨਾ ਲਈ ਜਾਨ ਮਾਲ ਨਿਛਾਵਰ ਕਰਨ ਵਾਲੇ ਪ੍ਰਵਾਨਿਆਂ ਦਾ ਰੂਪ ਦੇਣ ਲਈ ਦੋ ਦਹਾਕੇ ਦਾ ਸਮਾਂ ਦਰਕਾਰ ਸਮਝਿਆ। ਉਹਨੀਂ ਦਿਨੀ ਪੰਜਾਬ ਦੇ ਸਿੱਖ ਭਾਈਚਾਰੇ ਖਾਸ ਕਰਕੇ ਸਤਿਗੁਰੂ ਰਾਮ ਸਿੰਘ ਦੇ ਕੂਕਾਂ ਪੈਰੋਕਾਰਾਂ ਵਿੱਚ ਇਹ ਮਨੌਤ ਆਮ ਸੀ ਕਿ ਪੰਜਾਬ ਉੱਪਰ ਅੰਗਰੇਜ਼ਾਂ ਦੁਆਰਾ ਕਬਜ਼ਾ ਕਰਨ ਦੇ 33 ਸਾਲ ਬਾਅਦ ਉਹਨਾਂ ਖਿਲਾਫ ਸੰਘਰਸ਼ ਅਰੰਭ ਹੋਵੇਗਾ। ਅੰਗਰੇਜ਼ਾਂ ਨੇ 1845 ਈਸਵੀ ਵਿੱਚ ਪੰਜਾਬ ਵਿੱਚ ਆਪਣੇ ਪੈਰ ਟਿਕਾ ਲਏ ਸਨ ਅਤੇ ਇਸ ਆਧਾਰ ਉੱਤੇ ਅੰਗਰੇਜ਼ ਵਿਰੁੱਧ ਜਦੋਜਹਿਦ ਛਿੜਣ ਦਾ ਸਾਲ 1877-1878 ਈਸਵੀ ਬਣਦਾ ਸੀ। ਕਰਤਾ "ਸਤਿਗੁਰੂ ਬਿਲਾਸ" ਇਸ ਪ੍ਰਥਾਇ ਸਤਿਗੁਰੂ ਰਾਮ ਸਿੰਘ ਦੇ ਮੂੰਹੋਂ ਉਚਰੇ ਸ਼ਬਦਾਂ ਨੂੰ ਇਉਂ ਅੰਕਿਤ ਕਰਦਾ ਹੈ, "ਮੰਗਲ ਸਿੰਘ ਸਰਦਾਰ ਨੇ ਅਰਜ਼ ਕੀਤੀ ਜੀ ਸਾਖੀਆਂ ਮੈ ਜੋ ਸੰਤ ਖਾਲਸੇ ਕਾ ਰਾਜ ਹੋਣਾ ਲਿਖਾ ਹੈ ਸੋ ਕਦੋਂ ਤੋੜੀ ਹੋਵੇਗਾ? ਅੰਤਰਜਾਮੀ ਜੀ ਬਚਨ ਕੀਤਾ ਅਜੇ ਸਤੱਤਰ ਬਰਸ ਤੋੜੀਂ ਖਾਲਸੇ ਨੇ ਫਰੰਗੀਆਂ ਨੂੰ ਰਾਜ ਭੁਗੌਣਾ ਹੈ"। [10]

ਉਹਨੀਂ ਦਿਨੀਂ ਸਿੱਖਾਂ, ਵਿਸ਼ੇਸ਼ ਕਰਕੇ ਨਾਮਧਾਰੀ ਸਿੱਖਾਂ ਵਿੱਚ, "ਪ੍ਰਹਿਲਾਦਸਰ ਵਾਲੀ ਪੋਥੀ" ਨਾਉਂ ਦੇ ਗ੍ਰੰਥ ਦੀ ਬੜੀ ਚਰਚਾ ਸੀ ਅਤੇ ਇਸ ਗ੍ਰੰਥ ਵਿੱਚ ਵੀ ਇਹੋ ਭਵਿੱਖ ਬਾਣੀ ਦਰਜ ਸੀ। "ਸਤਿਗੁਰੂ ਬਿਲਾਸ" ਵਿੱਚ ਵੀ ਇਸਦਾ ਹਵਾਲਾ ਦਿੰਦਿਆਂ ਇਉਂ ਲਿਖਿਆ ਗਿਆ ਹੈ:

"ਤੇਰਾਂ ਸਦੀ ਭੀ ਹੁਣ ਮੁੱਕਣ ਲੱਗੀ ਹੈ, ਨਾਲੇ ਬਾਰਮਾਂ ਜਾਮਾਂ ਪੈਹਰਿਆ ਹੋਇਆ ਹੈ।
ਰਿਲਪੁਰ ਵਿਚ ਬਾਢੀ ਸੁਤ ਹੋਈ।
ਬਲੂਆ ਰਾਜ ਕਰੈਗਾ ਸੋਈ।
ਉਠੇ ਰਾਮ ਸਿੰਘ ਦੂਲੋ। ਪੱਟੇ ਸੱਭ ਰਾਜਨ ਕਾ ਮੂਲੋ।
ਗੰਗਾ ਜਾ ਲਗ ਧਰਨਿ ਪਰ ਤਾ ਲਗੁ ਤੁਰਕਨ ਬੀਜ।
ਏਹੀ ਸਾਲ ਮੈ ਮੌਨ ਨਰਿਪ ਭੋਗੈ ਰਾਜ ਰਵੀਜ।
ਸੋ ਭੀ ਦਿਨ ਪੂਰੇ ਹੋਏ ਹੈਂ। ਸੋ ਖਾਲਸਾ ਅਬ ਗਜੇਗਾ।
ਦੇਖ ਤੁਰਕੜਾ ਭਜੇਗਾ। [11]

ਸਤਿਗੁਰੂ ਰਾਮ ਸਿੰਘ ਨਾਮਧਾਰੀ ਜਥੇਬੰਦੀ ਨੂੰ ਜਨਤਕ ਰੂਪ ਦੇਣ ਉਪਰੰਤ ਇਕ ਦੌਰਾ ਗੰਗਾ ਤੱਕ ਦਾ ਕਰ ਆਏ ਸਨ। ਕਰਤਾ "ਸਤਿਗੁਰੂ ਬਿਲਾਸ" ਦੇ ਲਿਖਣ ਅਨੁਸਾਰ ਇਕ ਦਿਨ "ਇਕ ਪਰਨਾ ਲੈ ਕੇ ਸ੍ਰੀ ਸਤਿਗੁਰੂ ਜੀ ਲੀਰਾਂ ਲੀਰ ਕੀਤਾ। ਬਚਨ ਹੋਇਆ ਕਿ ਫਰੰਗੀਆਂ ਦੀ ਅਦਾਲਤ ਪਾੜੀ ਹੈ। ਹੁਣ ਅਦਾਲਤ ਨਾ ਰਹੇਗੀ। ਬੇ-ਅਦਾਲਤੀਆਂ ਕਰਨਗੇ ਤੇ ਰਾਜ ਏਨ੍ਹਾਂ ਕਾ ਜਾਏਗਾ"। ਉਹਨਾਂ ਵੱਲੋਂ ਸਮੇਂ ਸਮੇਂ ਸਹਿਜ ਸੁਭਾਓ ਕੀਤੇ ਅਜਿਹੇ ਬਚਨਾਂ ਨੇ ਨਾਮਧਾਰੀ ਸਿੱਖਾਂ ਅੰਦਰ ਇਹ ਵਿਸ਼ਵਾਸ਼ ਪੈਦਾ ਕਰ ਦਿੱਤਾ ਸੀ ਕਿ ਹੁਣ ਪੰਜਾਬ ਵਿੱਚੋਂ ਫਰੰਗੀ ਰਾਜ ਖਤਮ ਹੋਣ ਹੀ ਵਾਲਾ ਹੈ ਅਤੇ ਉਹ ਇਸ ਗੱਲ ਦਾ ਐਲਾਨੀਆ ਇਜ਼ਹਾਰ ਵੀ ਕਰਨ ਲੱਗ ਪਏ ਸਨ। ਸ਼੍ਰੀ ਅਨੰਦਪੁਰ ਸਾਹਿਬ ਵਿਖੇ 1867 ਈ. ਦੇ

ਮਾਰਚ ਮਹੀਨੇ ਹੋਲਾ ਮਹੱਲਾ ਮਨਾਉਣ ਗਏ ਨਾਮਧਾਰੀਆਂ ਵਿੱਚੋਂ ਇਕ "ਮੀਹਾਂ ਸਿੰਘ ਲੂਲੋ ਵਾਲੇ ਮਸਤਾਨੇ ਨੇ ਫਰੰਗੀ ਦੇ ਕੋਲ ਜਾ ਕੇ ਕਹਿਆ ਕਿ ਆਪਣੀ ਸਫ ਲਪੇਟ ਲੈ, ਅਬ ਗੁਰੂ ਆਇ ਗਿਆ ਹੈ। ਸੱਚਾ ਗੁਰੂ ਆ ਪ੍ਰਗਟ ਹੋਇਆ ਹੈ। ਤੁਸੀਂ ਕਿੱਥੈ ਏਥੇ ਆ ਗਏ ਹੋ ਨੰਦਨੋਂ? ਧਰਤੀ ਕਾ ਮਾਲਕ ਧਰਤੀ ਪਰ ਆਇ ਗਿਆ ਹੈ। ਹੁਣ ਥੋੜੇ ਚਿਰ ਤੱਕ ਤੁਹਾਡੀ ਸਫਾ ਚੱਕੀ ਜਾਣੀ ਹੈ ਔਰ ਤੁਸੀਂ ਚਲੇ ਜਾਓ ਜਿੱਧਰੋਂ ਆਏ ਹੋ। [12]

ਨਾਮਧਾਰੀ ਸੰਪਰਦਾ ਜਿਸ ਉਦੇਸ਼ ਨੂੰ ਸਾਹਮਣੇ ਰੱਖ ਕੇ ਵਿਚਰ ਰਹੀ ਸੀ, ਉਸਦੀ ਸਮੇਂ ਤੋਂ ਪਹਿਲਾਂ ਸ਼ਰ੍ਹੇਆਮ ਚਰਚਾ ਕਿਵੇਂ ਵੀ ਜਥੇਬੰਦੀ ਲਈ ਲਾਹੇਬੰਦੀ ਨਹੀਂ ਸੀ ਪਰ ਅੰਦਰਖਾਤੇ ਸੱਭ ਇਸ ਮਨੋਰਥ ਦੀ ਪ੍ਰਾਪਤੀ ਲਈ ਗਤੀਸ਼ੀਲ ਸਨ। ਬਾਬਾ ਗਿਆਨੀ ਸਿੰਘ ਨੂੰ ਜਦੋਂ ਰਾਇਕੋਟ ਦੇ ਬੁੱਚੜਾਂ ਨੂੰ ਮਾਰਨ ਦੇ ਦੋਸ਼ ਵਿੱਚ ਫਾਂਸੀ ਉੱਤੇ ਚੜ੍ਹਾਇਆ ਜਾਣ ਲੱਗਾ ਤਾਂ ਉਸਨੇ ਜੋ ਸ਼ਬਦ ਕਹੇ ਉਹ ਇਸ ਸੰਬੰਧੀ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ। ਕਰਤਾ "ਸਤਿਗੁਰੂ ਬਿਲਾਸ" ਦੇ ਸ਼ਬਦਾਂ ਵਿੱਚ "ਜਾਂ ਬਾਬਾ ਗਿਆਨੀ ਸਿੰਘ ਤਖਤੇ ਪਰ ਚੜ੍ਹੇ ਤਾਂ ਬੋਲਾ ਕੀਤਾ ਬਿਲਿਆ ਮੂੰਹ ਤਾਂ ਸਾਹਮਣੇ ਰੱਖ ਮੈਨੂੰ ਮਾਰ ਕੇ ਕੋਈ ਅੱਗੇ ਬੰਦ ਤਾਂ ਨਹੀਂ ਹੋਇ ਜਾਣੇ ਹੈਂ। ਜਿਨ੍ਹਾਂ ਤੁਹਾਨੂੰ ਮਾਰਨਾ ਹੈ ਰਾਮਦਾਸਪੁਰ ਮੈ ਬੈਠਾ ਹੈ। ਪਾਛੈ ਤੁਹਾਡਾ ਨਾਸ ਕਰੇਗਾ। ਏਹ ਤਾਂ ਅਜੇ ਮੁੰਡਿਆਂ ਕੀ ਖੇਡ ਹੋਈ ਹੈ। ਸ਼ੇਸ਼ਨਾਗ ਤਾਂ ਬੈਠਾ ਹੈ।ਜੇ ਇਕ ਦੋ ਸਰਪ ਮਾਰ ਦੀਏ ਤਾਂ ਕੀ ਹੁਆ? ਥੁਹਾਡਾ ਕਾਲ ਤੁਹਾਡੇ ਸਿਰ ਉੱਤੇ ਬੈਠਾ ਹੈ। " [13]

1870 ਦੇ ਹੋਲੇ ਮਹੱਲੇ ਸਮੇਂ ਇਕ ਵਾਰੀ ਫੇਰ ਸਤਿਗੁਰੂ ਰਾਮ ਸਿੰਘ ਨਾਮਧਾਰੀ ਸੰਗਤ ਨੂੰ ਨਾਲ ਲੈ ਕੇ ਸ਼੍ਰੀ ਅਨੰਦਪੁਰ ਸਾਹਿਬ ਸਾਹਿਬ ਆਏ। ਕਿਸੇ ਗੱਲੋਂ ਸੋਢੀਆਂ ਨਾਲ ਕੁੱਝ ਕੂਕਿਆਂ ਦਾ ਤਕਰਾਰ ਹੋ ਗਿਆ ਅਤੇ ਉਹਨਾਂ ਨੇ ਕੁੱਝ ਕੂਕੇ ਪੁਲਸ ਨੂੰ ਫੜਾ ਦਿੱਤੇ। ਮੌਕੇ ਉੱਤੇ ਹਾਜ਼ਰ ਪੁਲਸ ਅਫਸਰ ਨੇ ਦੋ ਕੂਕਿਆਂ ਨੂੰ ਚੌਬੀ ਚੌਬੀ ਬੈਂਤ ਮਾਰਨ ਦੀ ਸਜ਼ਾ ਦਿੱਤੀ। "ਸਤਿਗੁਰੂ ਬਿਲਾਸ" ਵਿੱਚ ਲਿਖਿਆ ਹੈ, "ਸੋ ਜਾਂ ਬੈਂਤ ਲੱਗੇ ਸਤਿ ਸ੍ਰੀ ਅਕਾਲ ਬੁਲਾਵਣ ਤੇ ਕਹਿਣ ਚਲਾ ਜਾ ਓਏ ਬਿੱਲਿਆ ਨੰਦਨ ਨੂੰ-ਹੁਣ ਮਾਲਕ ਧਰਤੀ ਕਾ ਆਇ ਗਿਆ ਹੈ। ਤੁਸੀਂ ਆਪਣੀ ਪਤ ਨਾਲ ਚਲੇ ਜਾਓ ਤਾਂ ਚੰਗੇ ਹੋ। ਦੀਨ ਦਿਆਲ ਜੀ ਬਚਨ ਕੀਤਾ ਏਨ੍ਹਾਂ ਫਰੰਗੀਆਂ ਨੂੰ ਆਸ਼ਾ ਦਿਖਾਇਆ ਹੈ। ਕਹਿੰਦੇ ਸਨ ਧੁਆਡਾ ਕੀ ਆਸ਼ਾ ਹੈ। ਦੇਖ ਲਵੋ ਤੇ ਸੁਣ ਲਵੋ ਸਾਡਾ ਕੀ ਆਸ਼ਾ ਹੈ"। [14]

ਇਸੇ ਸਾਲ ਅਕਤੂਬਰ ਮਹੀਨੇ ਦੀਪਮਾਲਾ ਦਾ ਉਤਸਵ ਮਨਾਉਣ ਲਈ ਸਤਿਗੁਰੂ ਰਾਮ ਸਿੰਘ ਅੰਮ੍ਰਿਤਸਰ ਗਏ। ਜਦੋਂ ਉਹ ਦਰਬਾਰ ਸਾਹਿਬ ਮੱਥਾ ਟੇਕ ਕੇ ਬਾਹਰ ਨੂੰ ਆ ਰਹੇ ਸਨ ਤਾਂ ਸ਼ਰਧਾਲੂਆਂ ਨੇ ਅੰਗਰੇਜ਼ਾਂ ਦੀ ਗੱਲ ਤੋਰ ਲਈ। "ਏਕ ਸਿੰਘ ਨੇ ਕਹਾ ਜੀ ਰੂਸ ਆਵੇਗਾ? ਇਕ ਸਿੰਘ ਨੇ ਕੋਲੋਂ ਕਹਿਆ ਫਰੰਗੀ ਬੜਾ ਭਾਰਾ ਹੈ ਏਸ ਨਾਲ ਨਹੀਂ ਕੋਈ ਲੜ੍ਹਨ ਵਾਲਾ। ਗੁਰੂ ਜੀ ਬਚਨ ਕੀਤਾ ਐਸੀ ਬਾਤ ਫੇਰ ਨਹੀਂ ਕੈਹਣੀ। ਜੀਵ ਕੋਈ ਨਹੀਂ ਭਾਰਾ-ਭਾਰਾ ਸੋ ਹੈ ਜਿਸਕੇ ਸਿਰ ਪਰ ਪ੍ਰਮੇਸਰ ਕਾ ਹੱਥ ਹੈ। ਰੁਸ ਫਰੰਗੀ ਕੋ ਮਾਰੇਗਾ। ਜੇਕਰ ਕੋਈ ਫਰੰਗੀ ਕਾ ਮਿੱਤਰ ਹੈ ਸੋ ਫਰੰਗੀ ਕੋ ਕਹਿ ਦੇਵੋ ਕਿ ਰਾਮ ਸਿੰਘ ਏਸ ਤਰ੍ਹਾਂ ਕੈਂਹਦਾ ਹੈ। ਫੜ੍ਹ ਲੈ ਜਾਵਣ ਸਾਨੂੰ ਤੇ ਉਸ ਦਿਨ ਛੱਡਣ ਜਿਸ ਦਿਨ ਮੋਹੜੀ ਪੱਟੀ ਜਾਵੇ ਫਰੰਗੀਆਂ ਦੀ। " [15]

ਗ੍ਰੰਥ ਕਰਤਾ ਨੇ ਇਕ ਹੋਰ ਥਾਂ ਇਸੇ ਪ੍ਰਸੰਗ ਵਿੱਚ ਇਉਂ ਲਿਖਿਆ ਹੈ, "ਦੌਰੇ ਫਿਰਦਿਆਂ ਨੂੰ ਸਿੰਘਾਂ ਨੇ ਅਰਜ਼ ਕੀਤੀ ਜੀ ਏਨ੍ਹਾਂ ਫਰੰਗੀਆਂ ਨੂੰ ਕੱਢੋ ਏਸ ਦੇਸੋਂ। ਅੰਤਰਜਾਮੀ ਜੀ ਬਚਨ ਕੀਤਾ ਅਕਾਲ ਪੁਰਖ ਕਾ ਅਜੇ ਹੁਕਮ ਨਹੀਂ ਹੈ। ਰੱਬ ਕੇ ਹੁਕਮ ਨਾਲ ਏਹ ਜਾਣਗੇ। ਅਜੇ ਦਿਨ ਰਹਿੰਦੇ ਹੈਂ। ਸਮੇਂ ਸਮੇਂ ਨਾਲ ਸੱਭ ਕੁਛ ਹੋ ਜਾਵੇਗਾ। " [16]

ਮਲੇਰਕੋਟਲੇ ਉੱਤੇ ਧਾਵਾ ਕਰਨ ਵਾਲੇ ਹੀਰਾ ਸਿੰਘ ਅਤੇ ਲਹਿਣਾ ਸਿੰਘ ਜਦੋਂ ਸਤਿਗੁਰੂ ਰਾਮ ਸਿੰਘ ਕੋਲ ਆਪਣੀ ਯੋਜਨਾ ਨੂੰ ਪ੍ਰਵਾਨਗੀ ਦੇਣ ਸੰਬੰਧੀ ਬੇਨਤੀ ਕਰਦੇ ਹਨ ਤਾਂ ਸਤਿਗੁਰੂ ਰਾਮ ਸਿੰਘ ਨਾਲ ਉਹਨਾਂ ਦੀ ਹੋਈ ਵਾਰਤਾਲਾਪ ਵੀ ਜਥੇਬੰਦੀ ਦੇ ਮਨੋਰਥ ਅਤੇ ਮਨੋਰਥ ਦੀ ਪ੍ਰਾਪਤੀ ਲਈ ਢੁੱਕਵੇਂ ਸਮੇਂ ਬਾਰੇ ਜਾਣਕਾਰੀ ਦੇਣ ਵਾਲੀ ਹੈ। "ਸਤਿਗੁਰੂ ਬਿਲਾਸ" ਗ੍ਰੰਥ-ਕਰਤਾ ਵੱਲੋਂ ਇਸ ਪ੍ਰਸੰਗ ਨੂੰ ਬਿਆਨਦਿਆਂ ਸਤਿਗੁਰੂ ਰਾਮ ਸਿੰਘ ਦੇ ਮੁਖਾਰਬਿੰਦ ਤੋਂ ਬੜੇ ਅਰਥਪੂਰਨ ਸ਼ਬਦ ਅਖਵਾਏ ਗਏ ਹਨ। ਗ੍ਰੰਥ-ਕਰਤਾ ਦੇ ਸ਼ਬਦਾਂ ਵਿੱਚ "ਭਾਈ ਹੀਰਾ ਸਿੰਘ ਨੇ ਅਰਜ਼ ਕੀਤੀ ਮਨ ਦੀਆ ਹੈ ਧਨ ਦੀਆ ਹੈ ਤਨ ਭੀ ਦੇ ਦੇਣਾ ਹੈ ਧਰਮ ਅਰਥ, ਹੁਣ ਰੱਖਣਾ ਨਹੀਂ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਇਕ ਬਰਸ ਹੋਰ ਠਹਿਰੋ। ਏਥੇ ਬੈਠੇ ਹੀ ਸਭ ਕੁੱਝ ਕਰ ਲਵਾਂਗੇ। ਹੀਰਾ ਸਿੰਘ ਨੇ ਕਹਿਆ ਤੁਸੀਂ ਤਾਂ ਬਰਸ ਰੋਜ਼ ਕਹਿੰਦੇ ਹੋ ਸਾਥੋਂ ਤਾਂ ਇਕ ਘੜੀ ਭੀ ਨਹੀਂ ਠਹਿਰਿਆ ਜਾਂਦਾ। ਹੁਣ ਹੁਕਮ ਦੇਓ ਚੜੀਏ। ਦੀਨ ਦਿਆਲ ਜੀ ਬਚਨ ਕੀਤਾ ਗਲ ਮੈ ਪੱਲਾ ਪਾਇਕੇ ਤੁਸੀਂ ਕਹਿੰਦੇ ਹੋ, ਹੁਕਮ ਦਿਓ, ਹੁਕਮ ਦਿਓ। ਮੈਂ ਤਾਂ ਕੁੱਝ ਨਹੀਂ ਕਹਿੰਦਾ ਹਾਂ ਕਿਉਂਕਿ ਪਨੀਰੀ ਛੋਟੀ ਹੈ, ਸਮਾਂ ਨਹੀਂ ਹੈ, ਹਾਲ

ਭਜਨ ਬਾਣੀ ਕਰੋ।" [17]

ਨਿਰਸੰਦੇਹ, ਨਾਮਧਾਰੀ ਗ੍ਰੰਥਾਂ ਵਿੱਚ ਕਿਧਰੇ ਵੀ ਸਤਿਗੁਰੂ ਰਾਮ ਸਿੰਘ ਦੇ ਆਪਣੇ ਮੋਖਾਰਬਿੰਦ ਤੋਂ ਅੰਗਰੇਜ਼ ਹਕੂਮਤ ਨਾਲ ਸਿੱਧੀ ਅਤੇ ਖੁਲ੍ਹੀ ਟੱਕਰ ਲੈਣ ਦੀ ਪ੍ਰੇਰਨਾ ਦੇਣ ਵਾਲੇ ਉਚਰੇ ਸ਼ਬਦ ਦਰਜ ਨਹੀਂ ਪਰ ਮਸਤਾਨੇ ਸਿੱਖਾਂ ਪ੍ਰਤੀ ਵਾਰ ਵਾਰ ਬੋਲੇ ਮੋਹ ਭਿੱਜੇ ਸ਼ਬਦ ਉਹਨਾਂ ਦੀ ਅੰਤ੍ਰੀਵ ਆਤਮਾ ਦੀ ਭਿਣਕ ਪਾਉਣ ਲਈ ਕਾਫੀ ਹਨ। ਜਦੋਂ ਸਤਿਗੁਰੂ ਰਾਮ ਸਿੰਘ ਨੂੰ ਪਿੰਡ ਥਰਾਜ ਵਾਲਾ, ਜ਼ਿਲ੍ਹਾ ਫੀਰੋਜ਼ਪੁਰ, ਵਿੱਚ ਨਾਮਧਾਰੀ ਸਿੰਘਾਂ ਵੱਲੋਂ ਅੰਗਰੇਜ਼ ਹਕੂਮਤ ਵਿਰੁੱਧ ਐਲਾਨੇ-ਜੰਗ ਕਰਨ ਦੇ ਫਲਸਰੂਪ ਕੁੱਝ ਸਿੰਘਾਂ ਨੂੰ ਸਜ਼ਾਵਾਂ ਹੋਣ ਦਾ ਸਮਾਚਾਰ ਮਿਲਿਆ ਤਾਂ ਉਹਨਾਂ ਨੇ ਇਸ ਵਾਰਦਾਤ ਵਿੱਚ ਸ਼ਾਮਲ ਮੁੱਖੀ ਸਿੰਘਾਂ ਨੂੰ ਲਿਆਉਣ ਲਈ ਆਪਣੇ ਮੋਹਤਬਰ ਸੂਬਿਆਂ ਨੂੰ ਭੇਜਿਆ। ਜਦੋਂ ਸੂਬੇ ਇਹਨਾਂ ਸਿੰਘਾਂ ਨੂੰ ਨਾਲ ਲੈ ਕੇ ਸਤਿਗੁਰੂ ਰਾਮ ਸਿੰਘ ਦੇ ਹਜ਼ੂਰ ਪੇਸ਼ ਹੋਏ ਤਾਂ ਸਤਿਗੁਰੂ ਜੀ ਨੇ ਇਹਨਾਂ ਮਸਤਾਨਿਆਂ ਦਾ ਖ਼ੂਬ ਮਾਨ ਸਤਿਕਾਰ ਕੀਤਾ। ਕਰਤਾ "ਸਤਿਗੁਰੂ ਬਿਲਾਸ" ਦੇ ਸ਼ਬਦਾਂ ਵਿੱਚ: "ਗੁਰੂ ਜੀ ਬਚਨ ਕੀਤਾ...ਏਨ੍ਹਾਂ ਦੇ ਚਰਨ ਧੋਇਕੇ ਪੀਤੇ ਚਾਹੀਏ। ਸਾਰਿਆ ਸਿੰਘਾਂ ਕੋ ਪਿਆਰ ਦਿੱਤਾ, ਆਦਰ ਕੇ ਬਚਨ ਕੀਤੇ"। ਇਉਂ ਹੀ ਜਦੋਂ ਹੀਰਾ ਸਿੰਘ ਅਤੇ ਲਹਿਣਾ ਸਿੰਘ ਦੀ ਅਗਵਾਈ ਵਿੱਚ ਕੁੱਝ ਮਸਤਾਨੇ ਸਿੰਘ ਭੈਣੀ ਸਾਹਿਬ ਸਾਹਿਬ ਤੋਂ ਮਲੇਰਕੋਟਲੇ ਉੱਤੇ ਚੜ੍ਹਾਈ ਕਰਨ ਦੀ ਤਿਆਰੀ ਕਰ ਰਹੇ ਸਨ ਤਾਂ ਬਾਬਾ ਲੱਖਾ ਸਿੰਘ ਸੂਬੇ ਨੇ ਇਸ ਬਾਰੇ ਸਤਿਗੁਰੂ ਰਾਮ ਸਿੰਘ ਨੂੰ ਦੱਸਿਆ ਅਤੇ ਮਸਤਾਨੇ ਸਿੰਘਾਂ ਨੂੰ ਸਮਝਾਉਣ ਦੀ ਬੇਨਤੀ ਕੀਤੀ। ਇਸ ਤੋਂ ਅੱਗੇ ਕੀ ਹੋਇਆ ਇਸ ਦਾ ਬਿਆਨ ਕਰਤਾ "ਸਤਿਗੁਰੂ ਬਿਲਾਸ" ਦੇ ਸ਼ਬਦਾਂ ਵਿੱਚ ਇਉਂ ਕੀਤਾ ਗਿਆ ਹੈ: "ਸ੍ਰੀ ਸਤਿਗੁਰੂ ਜੀ ਬਚਨ ਕੀਤਾ ਚੱਲੋ ਅਸੀਂ ਹਟਾਇ ਆਉਂਦੇ ਹਾਂ। ਹੀਰਾ ਸਿੰਘ ਕੇ ਕਾਨ ਮੈ ਬਚਨ ਕੀਤਾ, ਸੁਣਿਆ ਨਹੀਂ ਕਿਸੇ ਨੇ ਤੇ ਪਿੱਠ ਉੱਤੇ ਥਾਪੀ ਦਿੱਤੀ। ਦੀਨ ਦਿਆਲ ਜੀ ਬਚਨ ਕੀਤਾ ਹੀਰਾ ਸਿੰਘ ਪੈੜ ਮੇਸ ਦੇਣੀ। ਹੀਰਾ ਸਿੰਘ ਕਹਿਆ ਜੀ ਸਤਿ ਬਚਨ।" [18]

**ਸਰਕਾਰੀ ਅਤੇ ਹੋਰ ਦਸਤਾਵੇਜ਼:**

ਹੁਣ ਗੱਲ ਕਰੀਏ ਅੰਗਰੇਜ਼ ਸਰਕਾਰ ਦੇ ਦਸਤਾਵੇਜ਼ਾਂ ਦੀ ਜਿਨ੍ਹਾਂ ਵਿੱਚ ਸਤਿਗੁਰੂ ਰਾਮ ਸਿੰਘ ਦੇ ਰਾਜਸੀ ਨਿਸ਼ਾਨੇ ਦਾ ਜ਼ਿਕਰ, ਜਿਵੇਂ ਹੋਣਾ ਕੁਦਰਤੀ ਸੀ, ਬੜੇ ਸਾਫ-ਸਪਸ਼ਟ ਸ਼ਬਦਾਂ ਵਿੱਚ ਕੀਤਾ ਮਿਲਦਾ ਹੈ। ਪ੍ਰਤੀਤ ਹੁੰਦਾ ਹੈ ਕਿ ਬਹੁਤ ਥੋੜਾ ਸਮਾਂ ਅੰਗਰੇਜ਼ ਹਾਕਮ ਇਸ ਨਵੀਂ ਸੰਪਰਦਾ ਨੂੰ ਨਿਰੋਲ ਧਾਰਮਿਕ ਜਥੇਬੰਦੀ ਸਮਝ ਇਸ ਪ੍ਰਤੀ ਅਵੇਸਲਾ ਰਿਹਾ ਪਰ ਜਦੋਂ ਉਸਨੇ ਬਾਰੀਕਬੀਨੀ ਨਾਲ ਇਸ ਲਹਿਰ ਦੀ ਘੋਖ ਕੀਤੀ ਤਾਂ ਉਹ ਚੌਕੰਨਾ ਹੋ ਗਿਆ ਅਤੇ ਬੜੀ ਨੀਝ ਨਾਲ ਨਾਮਧਾਰੀ ਗਤੀਵਿਧੀਆਂ ਨੂੰ ਵਾਚਣ ਲੱਗਾ। ਅੰਗਰੇਜ਼ ਸਰਕਾਰ ਨੇ ਪਹਿਲੀ ਵਾਰ 1863 ਈਸਵੀ ਦੌਰਾਨ ਸਾਰੇ ਜ਼ਿਲ੍ਹਿਆਂ ਦੇ ਪੁਲਸ ਅਫਸਰਾਂ ਪਾਸੋਂ ਇਸ ਨਵੀਂ ਜਥੇਬੰਦੀ ਬਾਰੇ ਰੀਪੋਰਟ ਮੰਗੀ ਅਤੇ ਇਉਂ ਪ੍ਰਾਪਤ ਰਿਪੋਰਟਾਂ ਨੂੰ ਵਾਚਣ ਉਪਰੰਤ ਪੰਜਾਬ ਸਰਕਾਰ ਦੇ (ਕਾਰਜਕਾਰੀ) ਸਕੱਤਰ ਮਿਸਟਰ ਟੀ.ਡੀ. ਫੋਰਸੀਥ ਨੇ ਇਹ ਟਿੱਪਣੀ ਦਰਜ ਕੀਤੀ,"(ਸਤਿਗੁਰੂ) ਰਾਮ ਸਿੰਘ ਦੇ ਕੁੱਝ ਅਨੁਆਈਆਂ ਵੱਲੋਂ ਬਾਗੀਆਨਾ ਸ਼ਬਦ ਬੋਲੇ ਜਾਣ ਦੀ ਰੀਪੋਰਟ ਮਿਲੀ ਹੈ ਅਤੇ, ਬਿਨਾਂ ਸ਼ੱਕ, ਬਾਹਰ ਇਹ ਪ੍ਰਭਾਵ ਗਿਆ ਕਿ ਉਹ ਆਪਣੇ ਆਪ ਨੂੰ ਪੰਜਾਬ ਵਿੱਚੋਂ ਅੰਗਰੇਜ਼ਾਂ ਨੂੰ ਖਦੇੜ ਦੇਣ ਵਾਲੇ ਭਵਿੱਖ ਦੇ ਰਾਜੇ ਦੇ ਰੂਪ ਵਿੱਚ ਦੇਖ ਰਿਹਾ ਹੈ"।[19]ਇਸੇ ਸਾਲ ਸਰਕਾਰ ਨੇ ਪ੍ਰਸਿੱਧ ਈਸਾਈ ਪ੍ਰਚਾਰਕ ਜੋਹਨ ਨਿਊਟਨ ਪਾਸੋਂ ਵੀ ਨਾਮਧਾਰੀ ਸੰਪਰਦਾ ਬਾਰੇ ਟਿੱਪਣੀ ਮੰਗੀ ਸੀ। ਮਿਸਟਰ ਜੋਹਨ ਨਿਊਟਨ ਵੱਲੋਂ ਘੋਖ ਪੜਤਾਲ ਕਰਨ ਉਪਰੰਤ ਕੂਕਾ ਮਿਸ਼ਨ ਬਾਰੇ ਕੀਤਾ ਨਿਰਣਾ ਸੀ, " ਮੈਨੂੰ ਇਹ ਪ੍ਰਭਾਵ ਮਿਲਿਆ ਹੈ ਕਿ ਨਵਾਂ ਗੁਰੂ (ਸਤਿਗੁਰੂ ਰਾਮ ਸਿੰਘ) ਸੁਹਿਰਦ ਧਾਰਮਿਕ ਭਾਵਨਾਵਾਂ ਨਹੀਂ ਰੱਖਦਾ। ਉਸਦੇ ਸੁਧਾਰਕ ਕਾਰਜ ਦੀ ਦਿਸ਼ਾ ਪ੍ਰਤੱਖ ਤੌਰ ਉੱਤੇ ਰਾਜਨੀਤਿਕ ਨਿਸ਼ਾਨੇ ਨੂੰ ਦ੍ਰਿਸ਼ਟੀਗੋਚਰੇ ਰੱਖਕੇ ਸਿੱਖ ਮਤ ਦੀ ਸ਼ਕਤੀ ਨੂੰ ਇਕ ਮੁੱਠ ਕਰਨਾ ਹੈ"। [20] ਕਮਿਸ਼ਨਰ ਦੀ ਆਪਣੀ ਰਾਇ ਸੀ," ਮੈਂ ਸੋਚਦਾ ਹਾਂ ਕਿ ਸੰਭਵਤਾ ਮੂਲ ਇੱਛਾ ਇਹ ਨਾ ਹੋਵੇ ਪਰ ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਨਤੀਜਾ ਇਹੋ ਹੈ।ਮੇਰੀ ਹੋਰ ਰਾਇ ਹੈ ਕਿ ਆਪਣੇ ਮਤ ਦੀ ਸ਼ਾਨ ਨੂੰ ਬਹਾਲ ਕਰਨ ਅਤੇ ਖੁੱਸ ਚੁੱਕੀ ਆਪਣੀ ਪਿਆਰੀ ਤੋਂ ਦੀ ਤਾਂਘਵਾਨ ਕਿਸੇ ਵੀ ਜੰਗਜੂ ਕੌਮ ਵਿੱਚ ਧਾਰਮਿਕ ਪੁਨਰ ਸੁਰਜੀਤੀ ਦਾ ਇਹ ਕੁਦਰਤੀ ਨਤੀਜਾ ਹੈ। (ਸਤਿਗੁਰੂ) ਰਾਮ ਸਿੰਘ ਨੇ (ਸ੍ਰੀ ਗੁਰੂ) ਨਾਨਕ ਦੀ ਤਰਜ਼ ਉੱਤੇ ਇਕ ਨਿਮਰ ਧਾਰਮਿਕ ਸੁਧਾਰਕ ਦੇ ਰੂਪ ਵਿੱਚ ਕਾਰਜ ਅਰੰਭ ਕੀਤਾ ਹੋ ਸਕਦਾ ਹੈ ਪਰ ਉਸਦੇ ਉਤੇਜਕ ਮੁਖੀ ਪੈਰੋਕਾਰ ਉਸਨੂੰ ਤੇਜ਼ੀ ਨਾਲ ਲੜਾਕੇ ਗੁਰੂ ਗੋਬਿੰਦ (ਸਿੰਘ) ਦੀ ਹੂਬਹੂ ਨਕਲ ਦਾ ਰੂਪ ਦੇ ਰਹੇ ਹਨ।" ਉਸਨੇ ਉਦੋਂ ਹੀ ਸਤਿਗੁਰੂ ਰਾਮ ਸਿੰਘ ਨੂੰ ਗ੍ਰਿਫਤਾਰ ਕਰਕੇ ਉਸਦੇ ਕਾਰਜ ਖੇਤਰ ਤੋਂ ਕਿਧਰੇ ਦੂਰ ਲੈ ਜਾਣ ਦੀ ਸਿਫਾਰਿਸ਼

ਕੀਤੀ ਸੀ। [21]

ਪੰਜਾਬ ਵਿੱਚ ਕੂਕਿਆਂ ਦੁਆਰਾ ਕੀਤੀਆਂ ਜਾ ਰਹੀਆਂ ਸਰਗਰਮੀਆਂ ਸਿਆਲਕੋਟ ਤੋਂ ਛਪਦੇ ਅਖਬਾਰ "ਰਾਹਿਨੁਮਾ" ਨੇ ਆਪਣੇ 18 ਫਰਵਰੀ, 1867 ਦੇ ਅੰਕ ਵਿੱਚ ਲਿਖਿਆ ਕਿ ਇਹ ਬੜੇ ਅਫਸੋਸ ਅਤੇ ਹੈਰਾਨੀ ਦੀ ਗੱਲ ਹੈ ਕਿ ਪੰਜਾਬੀ ਮੁੜ ਕੇ ਆਪਣੀ ਪੁਰਾਣੀ ਸਲਤਨਤ ਦੀ ਬਹਾਲੀ ਅਤੇ ਸਰਕਾਰ ਦੇ ਰਾਜ ਵਿਰੁੱਧ ਰੌਲਾ ਪਾਉਣ ਦੀ ਸੋਚ ਰਹੇ ਹਨ।

ਬਰਤਾਨਵੀ ਹਿੰਦੁਸਤਾਨ ਦੀ ਸਰਕਾਰ ਵੱਲੋਂ ਜੋ ਰੀਪੋਰਟਾਂ ਲੰਡਨ ਭੇਜੀਆਂ ਗਈਆਂ ਉਹਨਾਂ ਦੇ ਅਧਿਐਨ ਉਪਰੰਤ ਸੈਕਟਰੀ ਆਫ ਸਟੇਟ ਦੀ ਵੀ ਇਹੋ ਰਾਇ ਸੀ ਕਿ "ਕੂਕਿਆਂ ਦੇ ਖਤਰਨਾਕ ਲੱਛਣਾਂ ਵਾਲੇ ਲੁਕਵੇਂ ਰਾਜਨੀਤਿਕ ਮਨੋਰਥ ਹਨ"। [22]

ਇਸ ਤੋਂ ਪੰਜ ਕੁ ਸਾਲ ਪਿੱਛੋਂ ਅੰਬਾਲਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਮਿਸਟਰ ਮੈਕਨਬ, ਨੇ "(ਸਤਿਗੁਰੂ) ਰਾਮ ਸਿੰਘ ਅਤੇ ਕੂਕੇ"ਵਿਸ਼ੇ ਬਾਰੇ ਵਿਸਤ੍ਰਿਤ ਰੀਪੋਰਟ ਤਿਆਰ ਕੀਤੀ। 4 ਨਵੰਬਰ, 1871 ਨੂੰ ਪੰਜਾਬ ਸਰਕਾਰ ਵੱਲ ਭੇਜੀ ਆਪਣੀ ਰੀਪੋਰਟ ਵਿੱਚ ਉਸਨੇ ਲਿਖਿਆ ਸੀ:"ਪੂਰਬਲੇ ਕਾਗਜ਼ਾਤ ਵਿੱਚ ਮੈਂ ਦੇਖਦਾ ਹਾਂ ਕਿ (ਸਤਿਗੁਰੂ) ਰਾਮ ਸਿੰਘ ਨੂੰ ਸੰਤ ਗੁਰੂ ਨਾਨਕ ਦੇ ਉੱਤਰਾਧਿਕਾਰੀ ਜਾਂ ਅਸਲੀ ਪੁਨਰ ਸਾਕਾਰ ਰੂਪ ਵਜੋਂ ਦੇਖਿਆ ਜਾਂਦਾ ਸੀ। ਹੁਣ ਉਹ ਜੁਝਾਰੂ (ਗੁਰੂ) ਗੋਬਿੰਦ (ਸਿੰਘ) ਦਾ ਪ੍ਰਤੀਨਿਧ ਹੈ।" ਆਪਣੀ ਮੁਕੰਮਲ ਪੜਤਾਲ ਦਾ ਨਿਚੋੜ ਉਸਨੇ ਇਹਨਾਂ ਸ਼ਬਦਾਂ ਵਿੱਚ ਦਰਜ ਕੀਤਾ, "ਉਹ (ਸਤਿਗੁਰੂ ਰਾਮ ਸਿੰਘ) ਇਕ ਐਸੇ ਫਿਰਕੇ ਦਾ ਅਸਲੀ ਅਤੇ ਨਾਲ ਦੀ ਨਾਲ ਨਾਮਨਿਹਾਦ ਆਗੂ ਹੈ ਜੋ ਖਾਲਸੇ ਦੀ ਪੁਨਰ ਸੁਰਜੀਤੀ ਵਜੋਂ ਬਰਤਾਨਵੀ ਸ਼ਕਤੀ ਪ੍ਰਤੀ ਵੈਰ ਭਾਵੀ ਲੱਛਣ ਰੱਖਦਾ ਹੈ।"

ਮਲੇਰਕੋਟਲੇ ਦਾ ਸਾਕਾ ਹੋਣ ਪਿੱਛੋਂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਨੂੰ ਗ੍ਰਿਫਤਾਰ ਕਰਕੇ ਅਲਾਹਾਬਾਦ ਦੇ ਕਿਲ੍ਹੇ ਵਿੱਚ ਰੱਖਿਆ ਗਿਆ। ਪੰਜਾਬ ਸਰਕਾਰ ਦੀ ਇੱਛਾ ਸੀ ਕਿ ਇਹਨਾਂ ਰਾਜਨੀਤਿਕ ਬੰਦੀਆਂ ਨੂੰ ਰੰਗੂਨ ਜਾਂ ਹਿੰਦੁਸਤਾਨ ਤੋਂ ਬਾਹਰ ਹੋਰ ਕਿਧਰੇ ਰੱਖਿਆ ਜਾਵੇ। ਇਸ ਮਨੋਰਥ ਲਈ ਪੰਜਾਬ ਸਰਕਾਰ ਵੱਲੋਂ ਹਿੰਦੁਸਤਾਨ ਸਰਕਾਰ ਵੱਲ ਲਿਖੇ ਗਏ ਪੱਤਰ ਨੰ:93-ਸੀ ਮਿਤੀ 22 ਜਨਵਰੀ 1872 ਵਿੱਚ ਮੁੜ ਦੁਹਰਾਇਆ ਗਿਆ ਕਿ "ਕੂਕਾਵਾਦ ਦਾ ਮੁਢਲਾ ਝੁਕਾਓ ਕੁੱਝ ਵੀ ਰਿਹਾ ਹੋਵੇ ਹੁਣ ਉਹ ਰਾਜਨੀਤਿਕ ਲੱਛਣ ਧਾਰਨ ਕਰ ਚੁੱਕਾ ਹੈ ਅਤੇ ਅਨੁਆਈਆਂ ਵੱਲੋਂ ਆਗੂਆਂ ਦੇ ਮਨਸੂਬਿਆਂ ਨੂੰ ਕਰੀਬ ਕਰੀਬ ਪੰਜਾਬ ਵਿੱਚ ਸਿੱਖ ਸ਼ਕਤੀ ਦੀ ਪੁਨਰ ਸਥਾਪਨਾ ਸਮਝਿਆ ਜਾ ਰਿਹਾ ਹੈ।"

ਇਸ ਮੌਕੇ ਆਮ ਕੂਕਿਆਂ ਉੱਤੇ ਲਾਈਆਂ ਜਾ ਰਹੀਆਂ ਬੰਦਸ਼ਾਂ ਵਿੱਚ ਉਹਨਾਂ ਦੀ ਨਾ ਕੇਵਲ ਫੌਜ ਅਤੇ ਪੁਲਸ ਵਿੱਚ ਭਰਤੀ ਨੂੰ ਰੋਕਣਾ ਸੀ ਸਗੋਂ ਪਹਿਲਾਂ ਨੌਕਰੀ ਕਰ ਰਹੇ ਕੂਕਿਆਂ ਨੂੰ ਨੌਕਰੀ 'ਚੋਂ ਕੱਢ ਦੇਣਾ ਵੀ ਸ਼ਾਮਲ ਸੀ। ਜਦ ਹਿੰਦੁਸਤਾਨ ਸਰਕਾਰ ਨੇ ਇਸ ਤਜ਼ਵੀਜ਼ ਬਾਰੇ ਪੰਜਾਬ ਸਰਕਾਰ ਦੀ ਰਾਇ ਪੁੱਛੀ ਤਾਂ ਉਸਨੇ ਪੱਤਰ ਨੰ: 3 ਮਿਤੀ 15 ਮਾਰਚ 1872 ਦੁਆਰਾ ਫਿਰ ਇਹੋ ਗੱਲ ਦੁਹਰਾਈ ਕਿ "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਫਿਰਕੇ ਦਾ ਮਨੋਰਥ ਬਰਤਾਨਵੀ ਹਕੂਮਤ ਨੂੰ ਪਲਟਾਉਣਾ ਅਤੇ ਖਾਲਸਾ ਰਾਜ ਦੀ ਪੁਨਰ ਸਥਾਪਨਾ ਹੈ।"

ਉਪਰੋਕਤ ਹਵਾਲੇ ਐਵੇਂ ਕੜਾਹੇ ਵਿਚੋਂ ਚੌਲਾਂ ਦੇ ਇਕ ਦਾਣਾ ਟੋਹਣ ਸਮਾਨ ਹਨ, ਅੰਗਰੇਜ਼ੀ ਸਰਕਾਰ ਦੀਆਂ ਤਤਕਾਲੀਨ ਫਾਈਲਾਂ ਅਜਿਹੇ ਹਵਾਲਿਆਂ ਨਾਲ ਭਰੀਆਂ ਪਈਆਂ ਹਨ।

ਕੇਵਲ ਅੰਗਰੇਜ਼ ਸਰਕਾਰ ਹੀ ਨਹੀਂ, ਦੇਸੀ ਰਿਆਸਤਾਂ ਦੇ ਹਾਕਮ ਵੀ ਸਤਿਗੁਰੂ ਰਾਮ ਸਿੰਘ ਦੀ ਲਹਿਰ ਨੂੰ ਰਾਜਨੀਤਿਕ ਰੰਗ ਵਿਚ ਹੀ ਦੇਖਦੇ ਸਨ। ਮਲੇਰਕੋਟਲੇ ਦੇ ਸਾਕੇ ਪਿੱਛੋਂ ਅੰਗਰੇਜ਼ ਸਰਕਾਰ ਨੇ ਕੂਕਾ ਲਹਿਰ ਬਾਰੇ ਉਹਨਾਂ ਦੇ ਪ੍ਰਤਿਕਰਮ ਮੰਗੇ ਤਾਂ ਸੱਭ ਤੋਂ ਵੱਡੀ ਸਿੱਖ ਰਿਆਸਤ ਪਟਿਆਲਾ ਦੇ ਮਹਾਰਾਜੇ ਮਹਿੰਦਰ ਸਿੰਘ ਨੇ ਇਸ ਲਹਿਰ ਦਾ ਮੰਤਵ ਪ੍ਰਗਟਾਉਂਦਿਆਂ ਲਿਖਿਆ, "ਇਹ ਯਕੀਨੀ ਤੌਰ ਉੱਤੇ ਜ਼ਾਹਿਰ ਹੈ ਕਿ ਰਾਮ ਸਿੰਘ ਦਾ ਅਸਲੀ ਮਨੋਰਥ ਧਰਮ ਦੀ ਆੜ ਹੇਠ ਇਲਾਕਾ ਲੈ ਕੇ ਆਪਣੀ ਪ੍ਰਭੂਸਤਾ ਜਮਾਉਣਾ ਸੀ। ਉਸਨੇ ਆਪਣੇ ਭੋਲੇ ਭਾਲੇ ਪੈਰੋਕਾਰਾਂ ਦੇ ਦਿਮਾਗ ਵਿਚ ਭਰ ਦਿਤਾ ਸੀ ਕਿ ...ਮੁਲਕ ਦੀ ਵਾਗ ਡੋਰ ਬੜੀ ਜਲਦੀ ਉਹਨਾਂ ਦੇ ਹੱਥ ਆ ਜਾਵੇਗੀ। [23]

ਪਟਿਆਲਾ ਰਿਆਸਤ ਦੁਆਰਾ ਪ੍ਰਕਾਸ਼ਿਤ "ਪਟਿਆਲਾ ਅਖਬਾਰ" ਦੇ 19 ਫਰਵਰੀ 1872 ਵਾਲੇ ਅੰਕ ਵਿਚ "ਕੂਕਿਆਂ ਦੇ ਹਾਲਾਤ ਤੇ ਖਿਆਲਾਤ" ਸੁਰਖੀ ਅਧੀਨ ਨਾਮਧਾਰੀ ਲਹਿਰ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ ਸੀ। ਸਾਰੀ ਲਿਖਤ ਵਿਚ ਸਤਿਗੁਰੂ ਰਾਮ ਸਿੰਘ ਨੂੰ ਉੱਚੀਆਂ

ਰਾਜਸੀ ਇਛਾਵਾਂ ਰੱਖਣ ਵਾਲੇ ਵਿਅਕਤੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਲੇਖਕ ਆਪਣੀ ਲਿਖਤ ਦਾ ਅਰੰਭ ਇਹਨਾਂ ਸ਼ਬਦਾਂ ਨਾਲ ਕਰਦਾ ਹੈ, "ਇਕ ਸਮੇਂ ਅਜਿਹਾ ਖਿਆਲ ਕੀਤਾ ਜਾਂਦਾ ਸੀ ਅਤੇ ਹੁਣ ਵੀ ਕੀਤਾ ਜਾਂਦਾ ਹੈ ਕਿ (ਗੁਰੂ) ਰਾਮ ਸਿੰਘ ਤੇ ਉਸਦੇ ਪੰਥ ਦੇ ਆਦਮੀਆਂ ਦਾ ਮਨਸ਼ਾ ਕੇਵਲ ਧਾਰਮਿਕ ਨਹੀਂ ਹੈ ਅਤੇ ਮਜ਼ਹਬ ਤੇ ਇਖਲਾਕ ਦੇ ਮਸਲਿਆਂ ਦੇ ਸੁਧਾਰਕ ਦੇ ਲਿਬਾਸ ਵਿਚ ਉਸਦੀ ਨੀਅਤ ਹਕੂਮਤ ਦੇ ਕੰਮਾਂ ਨਾਲ ਸੰਬੰਧ ਰੱਖਦੀ ਹੈ।" ਲੇਖਕ ਸਮੁੱਚੀ ਨਾਮਧਾਰੀ ਸੰਪ੍ਰਦਾ ਦੀ ਸੋਚ ਨੂੰ ਸ਼ਬਦ ਰੂਪ ਦਿੰਦਿਆਂ ਲਿਖਦਾ ਹੈ, "ਉਨ੍ਹਾਂ ਦੇ ਦਿਲਾਂ ਵਿਚ ਅਜਿਹਾ ਖਿਆਲ ਬੈਠਾ ਦਿੱਤਾ ਗਿਆ ਕਿ ਇਹ ਲੋਕ ਕੇਵਲ ਆਪ ਨੂੰ ਹੀ ਮੁਲਕ ਦਾ ਮਾਲਿਕ ਤੇ ਮੁਲਕ ਦੀ ਹਕੂਮਤ ਦਾ ਹੱਕਦਾਰ ਸਮਝਦੇ ਹਨ। " ਕੂਕਿਆਂ ਵੱਲੋਂ ਅੰਮ੍ਰਿਤਸਰ ਅਤੇ ਰਾਇਕੋਟ ਵਿਖੇ ਬੁੱਚੜਾਂ ਨੂੰ ਮਾਰਨ ਦੀਆਂ ਘਟਨਾਵਾਂ ਨੂੰ ਸਤਿਗੁਰੂ ਰਾਮ ਸਿੰਘ ਦੁਆਰਾ ਸ਼ੁਰੂ ਕੀਤੀ ਜਾਣ ਵਾਲੀ ਬਗਾਵਤ ਦਾ ਸ੍ਰੀ ਗਣੇਸ਼ ਦੱਸਦਿਆਂ ਲੇਖਕ ਇਹ ਨਤੀਜਾ ਕੱਢਦਾ ਹੈ, "(ਗੁਰੂ) ਰਾਮ ਸਿੰਘ ਦਾ ਮਨੋਰਥ ਇਹ ਸੀ ਕਿ ਇਕ ਧਾਰਮਿਕ ਹੀਲੇ ਨਾਲ ਮੁਲਕ ਵਿਚ ਸ਼ੋਰ ਸ਼ਰਾਬਾ ਪੈਦਾ ਹੋਵੇ ਤੇ ਇਸ ਉਪਾਓ ਨਾਲ ਸਾਰੇ ਹਿੰਦੁਸਤਾਨ ਦੀਆਂ ਹਿੰਦੂ ਕੌਮਾਂ ਤੇ ਉਨ੍ਹਾਂ ਦੇ ਆਗੂ ਉਸ ਨਾਲ ਆ ਮਿਲਣ ਤੇ ਉਹ ਸਾਰਿਆਂ ਦਾ ਰਾਹਨੁਮਾ ਬਣਕੇ ਮੁਲਕ ਤੇ ਕਬਜ਼ਾ ਕਰ ਲਵੇ।" ਲੇਖਕ ਅੱਗੇ ਜਾ ਕੇ ਲਿਖਦਾ ਹੈ, "(ਗੁਰੂ) ਰਾਮ ਸਿੰਘ ਤੇ ਉਸਦੇ ਸਾਰੇ ਫਿਰਕੇ ਦੇ ਦਿਮਾਗ ਵਿਚ ਮੁਲਕ ਨੂੰ ਕਬਜ਼ੇ 'ਚ ਕਰਨ ਦੀ ਧੁੰਨ ਸੀ। ਉਸਦੇ ਇਹ ਬੇਵਕੂਫ ਪੈਰੋਕਾਰ ਯਕੀਨ ਨਾਲ ਸਮਝੇ ਹੋਏ ਸੀ ਕਿ ਨੇੜ ਭਵਿੱਖ ਵਿਚ ਇਸ ਮੁਲਕ 'ਤੇ ਸਾਡਾ ਵੀ ਰਾਜ ਹੋਣ ਵਾਲਾ ਹੈ। [24]

ਇਓਂ ਅਸੀਂ ਦੇਖਦੇ ਹਾਂ ਕਿ ਇਹ ਭਾਵੇਂ ਨਾਮਧਾਰੀ ਸੰਪਰਦਾ ਦੇ ਗ੍ਰੰਥ ਹਨ ਜਾਂ ਤਤਕਾਲੀਨ ਸਰਕਾਰੀ ਅਤੇ ਹੋਰ ਦਸਤਾਵੇਜ਼, ਇਹਨਾਂ ਵਿੱਚਲੇ ਹਵਾਲਿਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅੰਗਰੇਜ਼ ਸਰਕਾਰ ਵਿਰੁੱਧ ਐਲਾਨੀਆਂ ਸੰਘਰਸ਼ ਵਿੱਢੇ ਜਾਣ ਪਿੱਛੇ ਰਾਜਨੀਤਿਕ ਮੰਤਵ ਤਾਂ ਸੀ ਹੀ, ਪਰ ਇਸ ਮਨੋਰਥ ਦੀ ਪ੍ਰਾਪਤੀ ਵੱਲ ਕਦਮ ਪੁੱਟਣ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਆਪਣੇ ਪੈਰੋਕਾਰਾਂ ਨੂੰ ਉੱਚ ਇਖਲਾਕ ਵਾਲੇ, ਨਾਮਬਾਣੀ ਦੇ ਅਭਿਆਸੀ, ਧਰਮ ਵਾਸਤੇ ਆਪਣਾ ਸੱਭ ਕੁੱਝ ਨਿਛਾਵਰ ਕਰ ਦੇਣ ਵਾਲੇ ਮਰਜੀਵੜਿਆਂ ਦੇ ਰੂਪ ਵਿੱਚ ਤਿਆਰ ਕਰਨਾ ਚਾਹੁੰਦੇ ਸਨ। ਸਤਿਗੁਰੂ ਰਾਮ ਸਿੰਘ ਵੱਲੋਂ ਆਪਣੇ ਇਕ ਅਨੁਆਈ ਮੰਗਲ ਸਿੰਘ ਨੂੰ ਕਹੇ ਹੇਠ ਲਿਖੇ ਵਾਕ ਇਸੇ ਗੱਲ ਦੀ ਪੁਸ਼ਟੀ ਕਰਦੇ ਹਨ, "ਮੰਗਲ ਸਿੰਘਾ! ਭਾਈਚਾਰਾ ਕਾਹਲੀਆਂ ਕਰਦਾ ਹੈ। ਬੰਦੂਕ ਕੀ ਮਾਰ ਸੌ ਕਰਮ ਤੱਕ ਅਤੇ ਤੋਪ ਕੀ ਮਾਰ ਕੋਹ ਤੱਕ। ਭਜਨ ਕੀ ਮਾਰ ਬੇਅੰਤ ਕੋਹਾਂ ਤੱਕ ਹੈ। ਐਥੇ ਬੈਠੇ ਹੀ ਭਜਨ ਕੇ ਪ੍ਰਤਾਪ ਸੇ ਬੇਅੰਤ ਕੋਹਾਂ ਤੱਕ ਮਾਰ ਕਰ ਸਕਦੇ ਹਾਂ ਪਰ ਅਜੇ ਕਰਨੀ ਨਹੀਂ"। [25]

**ਇਤਿਹਾਸਕਾਰਾਂ ਦੀਆਂ ਰਾਵਾਂ:**

ਇਤਿਹਾਸਕਾਰਾਂ ਨੇ ਸਤਿਗੁਰੂ ਰਾਮ ਸਿੰਘ ਦੁਆਰਾ ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿੱਚ ਸਿੱਖ ਕੌਮ ਦੀ ਪੁਨਰ ਸੁਰਜੀਤੀ ਹਿਤ ਕੀਤੇ ਕਾਰਜ ਦਾ ਸਹੀ ਆਂਕਲਣ ਕੀਤਾ ਹੈ। ਕੂਕਾ ਲਹਿਰ ਦੇ ਸਮਕਾਲੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ "ਪੰਥ ਪ੍ਰਕਾਸ਼" ਵਿਚ ਵਿਭਿੰਨ ਸਿੱਖ ਸੰਪਰਦਾਵਾਂ ਦਾ ਜ਼ਿਕਰ ਕਰਦਿਆਂ ਕੂਕਾ ਲਹਿਰ ਬਾਰੇ ਵੀ ਜਾਣਕਾਰੀ ਅੰਕਿਤ ਕੀਤੀ ਹੈ। ਉਹ ਇਸ ਲਹਿਰ ਦੇ ਮੌਤਵ ਪ੍ਰਥਾਇ ਲਿਖਦੇ ਹਨ:

ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ,<br>
ਲਾਲਸਾ ਲਲਾਮ ਰਾਜ ਲੈਬੇ ਕੀ ਅਚੁਕੇ ਹੈਂ। [26]

ਕੂਕਾ ਆਚਰਣ ਦਾ ਬਿਆਨ ਕਰਦਿਆਂ ਗਿਆਨੀ ਜੀ ਨੇ ਇਕ ਹੋਰ ਥਾਂ "ਰਾਜ ਲੈਣ ਕੇਰੀ ਇਛਯਾ ਮਨ ਸਬ ਕੇ ਫਬੀ" ਲਿਖਿਆ ਹੈ।

ਪ੍ਰਸਿੱਧ ਇਤਿਹਾਸਕਾਰ ਡਾ.ਐੱਮ.ਐਲ. ਆਹਲੂਵਾਲੀਆ ਦਾ ਇਹ ਕਥਨ ਪੂਰਨ ਰੂਪ ਵਿੱਚ ਸੱਚ ਹੈ ਕਿ " ਸ੍ਰੀ ਗੁਰੂ ਰਾਮ ਸਿੰਘ ਨੇ 19ਵੀਂ ਸਦੀ ਦੇ ਦੂਜੇ ਮੱਧ ਦੌਰਾਨ ਸਿੱਖ ਸਮਾਜ ਨੂੰ ਇਸਨੂੰ ਖਤਮ ਕਰ ਰਹੇ ਰੋਗਾਂ ਤੋਂ ਮੁਕਤ ਕੀਤਾ, ਸਮਾਜ ਨੂੰ ਉਹ ਆਚਰਣਿਕ ਉੱਚਤਾ, ਜਿਸਨੂੰ ਉਹ ਉੱਕਾ ਹੀ ਗੁਆ ਚੁੱਕਾ ਸੀ, ਪ੍ਰਦਾਨ ਕਰਕੇ ਅਤੇ ਉਸਨੂੰ ਨਿਰਮਲਤਾ, ਸਾਦਗੀ, ਨਿਰਭੈਤਾ ਅਤੇ ਪ੍ਰੇਮ ਪਿਆਰ ਦੀ ਨਵੀਂ ਜ਼ਿੰਦਗੀ, ਜਿਸਦੀ ਉਹਨਾਂ ਨੂੰ ਬੇਹੱਦ ਲੋੜ ਸੀ, ਪ੍ਰਦਾਨ ਕਰਕੇ ਉਸਨੂੰ ਵਿਦੇਸ਼ੀ ਰਾਜ ਦੀਆਂ ਚੂਰ ਚੂਰ ਕਰ ਦੇਣ ਵਾਲੀਆਂ ਬੁਰਾਈਆਂ ਮੁਕਾਬਲੇ ਧਰਮ ਯੁੱਧ ਕਰਨ ਲਈ ਤਿਆਰ ਕੀਤਾ।"[27]

ਇਕ ਹੋਰ ਵਿਦਵਾਨ ਸ੍ਰੀ ਮੋਤੀ ਲਾਲ ਭਾਰਗਵਾ ਲਿਖਦਾ ਹੈ, "ਬਿਨਾਂ ਸ਼ੱਕ ਗੁਰੂ ਰਾਮ ਸਿੰਘ ਲਈ ਸਿੱਖ ਸਮੂਹ ਵਿੱਚ ਨਵਾਂ ਜੀਵਨ ਸੰਚਾਰਿਤ ਕਰਨਾ ਅਤੇ ਘਟਨਾਵਾਂ ਦੀ ਚਾਲ ਨੂੰ ਪਿੱਛੇ ਵੱਲ ਮੋੜ ਦੇਣਾ ਇਕ ਘਾਲਣਾ ਭਰਪੂਰ ਕਾਰਜ ਸੀ। ਪ੍ਰੰਤੂ ਪਿੱਛੋਂ ਵਾਪਰੀਆਂ ਘਟਨਾਵਾਂ ਨੇ ਪ੍ਰਤੱਖ ਕਰ ਦਿੱਤਾ

ਕਿ ਉਸਨੇ ਅੱਡੀ ਚੋਟੀ ਦੇ ਜ਼ੋਰ ਤੱਕ ਵਿਦੇਸ਼ੀ ਹਕੂਮਤ ਦਾ ਵਿਰੋਧ ਕੀਤਾ; ਉਸਨੇ ਕੂਕਾ ਲਹਿਰ ਨੂੰ ਇਕ ਜਥੇਬੰਦੀ ਦਾ ਰੂਪ ਦਿਤਾ; ਆਪਣੇ ਪੈਰੋਕਾਰਾਂ ਅੰਦਰ ਧਾਰਮਿਕ ਤੀਖਣਤਾ ਉਤਪੰਨ ਕੀਤੀ ਅਤੇ ਪੰਜਾਬ ਵਿੱਚ ਖਾਲਸਾ ਰਾਜ ਦੀ ਸਥਾਪਨਾ ਪ੍ਰਤੀ ਹੌਸਲਾ ਅਤੇ ਦ੍ਰਿੜ ਵਿਸ਼ਵਾਸ਼ ਪ੍ਰਗਟਾਇਆ। "

ਸ੍ਰੀ ਜਸਵਿੰਦਰ ਸਿੰਘ, ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਵੱਲੋਂ ਆਪਣੀ ਜਲਾਵਤਨੀ ਦੌਰਾਨ ਨਾਮਧਾਰੀ ਸੰਗਤ ਵੱਲ ਹੁਕਮਨਾਮਿਆਂ ਨੂੰ ਪੁਸਤਕ ਰੂਪ ਵਿੱਚ ਸੰਪਾਦਿਤ ਕਰਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ, ਵੱਲੋਂ ਸਤਿਗੁਰੂ ਰਾਮ ਸਿੰਘ ਦੇ ਮਨੋਰਥ ਬਾਰੇ ਲਿਖੇ ਸ਼ਬਦ ਵੀ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ। ਸ. ਜਸਵਿੰਦਰ ਸਿੰਘ ਨਾਮਧਾਰੀ ਲਹਿਰ ਦੇ ਰਾਜਨੀਤਿਕ ਮਹੱਤਵ ਦਾ ਜ਼ਿਕਰ ਕਰਦਿਆਂ ਲਿਖਦਾ ਹੈ: "ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ਾਂ ਨੇ ਨਿਰਵਾਸਤ ਹੀ ਰਾਜਨੀਤਿਕ ਕਾਰਨਾਂ ਕਰਕੇ ਕੀਤਾ ਸੀ। ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿੱਚ ਅੰਗਰੇਜ਼ਾਂ ਵਿਰੁੱਧ ਲਗਾਤਾਰ ਚੱਲ ਰਹੀ ਵਿਚਾਰਧਾਰਾ ਦੇ ਦਰਸ਼ਨ ਹੁੰਦੇ ਹਨ"। ਉਹ ਅੱਗੇ ਲਿਖਦਾ ਹੈ, "ਸਤਿਗੁਰੂ ਰਾਮ ਸਿੰਘ ਜੀ ਤੋਂ ਅੰਗਰੇਜ਼ਾਂ ਨੂੰ ਕਿਸ ਤਰ੍ਹਾਂ ਦਾ ਅਤੇ ਕਿੰਨਾ ਕੁ ਖਤਰਾ ਸੀ, ਕੀ ਡਰ ਸੀ, ਇਹਨਾਂ ਤੱਥਾਂ ਨੂੰ ਅਗਰ ਸੰਖੇਪ ਵਿੱਚ ਜਾਣ ਲਈਏ ਤਾਂ ਪੰਜਾਬ, ਅਲਾਹਾਬਾਦ ਅਤੇ ਰੰਗੂਨ ਜੋ ਅੱਗੇ ਚੱਲਕੇ ਹਾਲਾਤ ਬਣੇ, ਜੋ ਪਾਬੰਦੀਆਂ ਅੰਗਰੇਜ਼ਾਂ ਨੇ ਲਗਾਈਆਂ ਅਥਵਾ ਜੋ ਉਹਨਾਂ ਨੇ ਇਹਤਿਆਤੀ ਕਦਮ ਚੁੱਕੇ ਨਾਮਧਾਰੀ ਸਮਾਜ ਦੇ ਵਿਰੁੱਧ, ਉਹਨਾਂ ਬਾਰੇ ਵਿਸ਼ਲੇਸ਼ਣ ਕਰਨਾ ਸੌਖਾ ਅਤੇ ਠੀਕ ਹੋਵੇਗਾ। ਉਹਨਾਂ ਹਾਲਤਾਂ ਨੂੰ ਵੀ ਸਮਝਣ ਵਿੱਚ ਅਸਾਨੀ ਹੋਵੇਗੀ ਜੋ ਪੰਜਾਬ ਵਿੱਚ ਅੰਗਰੇਜ਼ੀ ਸਾਮਰਾਜ ਵਿਰੁੱਧ ਸਤਿਗੁਰੂ ਰਾਮ ਸਿੰਘ ਜੀ ਨੇ ਸਿਰਜੇ ਸਨ।"[28] ਇਸੇ ਪ੍ਰਸੰਗ ਵਿਚ ਉਹ ਇਕ ਹੋਰ ਥਾਂ ਲਿਖਦਾ ਹੈ, "ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਸ਼ੁਰੂ ਕੀਤਾ ਗਿਆ ਕੂਕਾ ਅੰਦੋਲਨ ਰਾਜਨੀਤਿਕ ਮਨੋਰਥ ਵਾਲਾ ਸੀ ਅਤੇ ਬਦੇਸ਼ੀ ਹਾਕਮਾਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਥਾਂ-ਥਾਂ ਪ੍ਰਚਾਰ ਵੀ ਕੀਤਾ ਗਿਆ ਸੀ ਅਤੇ ਇਕ ਵੱਡੇ ਵਿਦਰੋਹ ਦੀ ਰੂਪਰੇਖਾ ਵੀ ਬਣਾ ਲਈ ਗਈ ਸੀ ਜੋ ਕੁਝ ਲੋਕਾਂ ਦੀ ਕਾਹਲੀ ਕਾਰਨ ਪੂਰੀ ਨਾ ਹੋ ਸਕੀ।"[29]

ਨਾਮਧਾਰੀ ਜਗਤ ਦੇ ਇਕ ਹੋਰ ਪ੍ਰਤਿਸ਼ਠਾਵਾਨ ਵਿਦਵਾਨ ਲੇਖਕ ਸ੍ਰੀ ਅਮਰ ਭਾਰਤੀ ਦਾ ਮਤ ਹੈ ਕਿ "ਸਤਿਗੁਰੂ ਰਾਮ ਸਿੰਘ ਜੀ ਨੇ ਜੋ ਆਖਿਆ ਅਤੇ ਜੋ ਕੀਤਾ- ਉਹ ਇਹ ਸੀ- ਕਿ ਉਹ ਅੰਗਰੇਜ਼ਾਂ ਦੇ ਰਾਜ ਨੂੰ ਖਤਮ ਕਰਨਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਸੰਤ ਖਾਲਸੇ ਦੀ ਸਾਜਨਾ ਕੀਤੀ।"[30] ਇਕ ਹੋਰ ਨਾਮਧਾਰੀ ਵਿਦਵਾਨ ਸਵਰਨ ਸਿੰਘ 'ਸਨੇਹੀ' ਨੇ ਸਤਿਗੁਰੂ ਰਾਮ ਸਿੰਘ ਦੇ ਜੀਵਨ ਮਨੋਰਥ ਬਾਰੇ ਗੱਲ ਕਰਦਿਆਂ ਲਿਖਿਆ ਹੈ ਕਿ "ਨਾਮਧਾਰੀਆਂ ਦਾ ਰਾਜਸੀ ਉਦੇਸ਼ ਸੀ ਪੰਜਾਬ ਵਿੱਚ ਸਿੱਖ ਰਾਜ ਦੀ ਪੁਨਰਸਥਾਪਨਾ।" [31]

ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਡਾ. ਹਰਿਭਜਨ ਸਿੰਘ ਜੇਹਾ ਪ੍ਰੋੜ ਵਿਦਵਾਨ ਵੀ ਸਤਿਗੁਰੂ ਰਾਮ ਸਿੰਘ ਦੀ ਕੀਰਤੀ ਬਿਆਨਦਿਆਂ ਇਹ ਲਿਖਦਾ ਹੈ ਕਿ "ਉਹਨਾਂ ਦੇ ਵੇਲੇ ਦੀ ਫਰੰਗੀ ਸਰਕਾਰ ਨੂੰ ਅਕਾਰਨ ਹੀ ਇਸ ਮਹਾਂਪੁਰਖ ਤੋਂ ਭੈ ਵਿਆਪਦਾ ਸੀ"।[32] ਨਿਰਸੰਦੇਹ ਕੁੱਝ ਹੋਰ ਵੀ ਐਸੇ ਵਿਦਵਾਨ ਹਨ ਜੋ ਸਤਿਗੁਰੂ ਰਾਮ ਸਿੰਘ ਨੂੰ ਉਹਨਾਂ ਦੇ ਧਾਰਮਿਕ ਰੂਪ ਤੋਂ ਬਾਹਰ ਜਾ ਕੇ ਦੇਖਣ ਦੀ ਜੁਰਅਤ ਨਹੀਂ ਕਰਦੇ ਅਤੇ ਉਹਨਾਂ ਨੂੰ ਨਿਰਦੋਸ਼ ਦੱਸ ਕੇ ਪਾਠਕਾਂ ਦੇ ਮਨਾਂ ਵਿਚ ਉਹਨਾਂ ਪ੍ਰਤੀ ਹਮਦਰਦੀ ਉਪਜਾਉਂਦੇ ਹਨ।

**ਨਿਸ਼ਾਨਾ ਬੇਗਮਪੁਰੇ ਦੀ ਸਥਾਪਨਾ:**

ਅਸੀਂ ਦੇਖਿਆ ਹੈ ਕਿ ਇਕ ਪਾਸੇ ਨਾਮਧਾਰੀ ਸਾਹਿੱਤ ਅਤੇ ਦੂਜੇ ਪਾਸੇ ਅੰਗਰਜ਼ ਸਰਕਾਰ ਵੱਲੋਂ ਕੂਕਾ ਪੰਥ ਬਾਰੇ ਇਕੱਤਰ ਕੀਤੀ ਸੂਚਨਾ ਦੋਵਾਂ ਦਾ ਵਿਸ਼ਲੇਸ਼ਨ ਇਸ ਸਿੱਟੇ ਉੱਤੇ ਹੀ ਪਹੁੰਚਾਉਂਦੇ ਹਨ ਕਿ ਸਤਿਗੁਰੂ ਰਾਮ ਸਿੰਘ ਦਾ ਅੰਤਮ ਨਿਸ਼ਾਨਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਸਿੱਖ ਚਿੰਤਨ ਅਧੀਨ "ਬੇਗਮਪੁਰੇ" ਜਿਹਾ ਇਕ ਅਜਿਹਾ ਰਾਜ ਕਾਇਮ ਕਰਨਾ ਸੀ, ਜਿਹੋ ਜਿਹੇ ਰਾਜ ਦਾ ਚਿਤਰਨ ਕਰਤਾ "ਸਤਿਗੁਰੂ ਬਿਲਾਸ" ਨੇ ਇਹਨਾਂ ਸ਼ਬਦਾਂ ਵਿੱਚ ਕੀਤਾ ਹੈ: "ਸਤਿਗੁਰੂ ਜੀ ਪ੍ਰਸੰਨ ਹੋ ਕੇ ਇਕ ਦਿਨ ਬਚਨ ਕੀਤਾ ਉੱਪਰ ਉਸ ਤਖਤ ਦੇ ਅਦਾਲਤ ਹੋਵੇਗੀ। ਨੰਗਾ ਭੁੱਖਾ ਅਰਥੀਆ ਖਾਲੀ ਕੋਈ ਨਾ ਜਾਏਗਾ। ਅਕਾਲ ਅਕਾਲ ਹੋਵੇਗਾ, ਝਾੜ ਬੂਟੇ ਨਾਲ ਰਿੱਧੀਆਂ ਸਿੱਧੀਆਂ ਹਾਜ਼ਰ ਖੜ੍ਹੀਆਂ ਰਹਿਣਗੀਆਂ। ਸਿੰਘਾਂ ਦੇ ਘਰੀਂ ਲੱਛਮੀਂ ਨਿਵਾਸ ਕਰੇਗੀ। ਸੰਤ ਖਾਲਸੇ ਦੇ ਹੱਥੀਂ ਵਰਤੇਗੀ। ਏਕ ਜਗ੍ਹਾ ਲੰਗਰ ਹੋਵੇਗਾ। ਅਦਾਲਤ ਭੀ ਏਕ ਜਗ੍ਹਾ ਹੋਵੇਗੀ। ਸਾਰੀ ਪਿਰਥੀ ਪਰ ਪਾਪ ਹਟ ਜਾਏਗਾ। ਸਾਰੀ ਧਰਤੀ ਪਰ ਧਰਮ ਚੱਲ ਜਾਵੇਗਾ। ਜੇਹਲਖਾਨੇ ਨਹੀਂ ਰਹਿਣਗੇ। ਹੋਰ ਹੀ ਵਰਤਾਰਾ ਵਰਤੇਗਾ। ਜੈ ਜੈ ਕਾਰ ਜਗਤ ਵਿੱਚ ਹੋਵੇਗੀ।[33]

ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਬਣਦੀ ਹੈ ਕਿ ਉਨੀਵੀਂ ਸਦੀ ਦੇ ਲਗਪਗ ਅੰਤ ਤੱਕ ਸਮੁੱਚੇ ਦੇਸ਼ ਵਿਚ ਅੰਗਰੇਜ਼ੀ ਰਾਜ ਵਿਰੁੱਧ ਚੱਲੇ ਅੰਦੋਲਨਾਂ ਦਾ ਸਰੂਪ ਸਥਾਨਕ ਹੀ ਸੀ ਅਤੇ ਇਹਨਾਂ ਅੰਦੋਲਨਾਂ ਦਾ ਉਦੇਸ਼ ਕਿਸੇ ਖੇਤਰ ਵਿਸ਼ੇਸ਼ ਨੂੰ ਇਸ ਉੱਤੇ ਕਾਬਜ਼ ਵਿਦੇਸ਼ੀ ਸ਼ਕਤੀ ਦੇ ਸ਼ਿਕੰਜੇ ਵਿਚੋਂ ਮੁਕਤ ਕਰਵਾ ਕੇ ਇਸ ਨੂੰ ਕਿਸੇ ਸਥਾਨਕ ਸ਼ਕਤੀ ਦੇ ਅਧੀਨ ਲਿਆਉਣਾ ਸੀ। ਭਾਰਤ ਵਿਚ ਰਾਸ਼ਟਰੀ ਭਾਵਨਾ ਦੇ ਪਨਪਣ, ਰਾਸ਼ਟਰੀ ਅੰਦੋਲਨ ਦੇ ਉਦਭਵ, ਇਸ ਦੇ ਵਿਕਾਸ ਦੀ ਗਤੀ ਅਤੇ ਦਿਸ਼ਾ ਦਾ ਅਧਿਐਨ ਕਰਨ ਵਾਲੇ ਵਿਦਵਾਨ ਮੰਨਦੇ ਹਨ ਕਿ ਉਨੀਵੀਂ ਸਦੀ ਦੇ ਅੰਤ ਤੱਕ ਦੇਸ ਵਿਚ ਹਾਲੇ ਆਧੁਨਿਕ ਅਰਥਾਂ ਵਿਚ ਰਾਸ਼ਟਰੀ ਭਾਵਨਾ ਨੇ ਜਨਮ ਨਹੀਂ ਸੀ ਲਿਆ। ਸਤਿਗੁਰੂ ਰਾਮ ਸਿੰਘ ਦੇ ਸਮੇਂ ਪੰਜਾਬੀ ਮਾਨਸਿਕਤਾ ਉੱਪਰ ਵੀ ਹਾਲੇ ਮੱਧਕਾਲੀਨ ਚਿੰਤਨ ਹਾਵੀ ਸੀ ਅਤੇ ਇਸ ਦੇ ਅਨੁਰੂਪ ਹੀ ਉਹਨਾਂ ਜਨਤਾ ਨੂੰ ਅੰਗਰੇਜ਼ ਹਾਕਮ ਵਿਰੁੱਧ ਲਾਮਬੰਦ ਕੀਤਾ।


ਉਪਰੋਕਤ ਸਾਰੇ ਹਵਾਲੇ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਸਤਿਗੁਰੂ ਰਾਮ ਸਿੰਘ ਨੇ ਰਾਜ ਭਾਗ ਦੀ ਗੱਲ ਕਰਨ ਤੋਂ ਪਹਿਲਾਂ ਨਾਮ ਬਾਣੀ ਦਾ ਪ੍ਰਵਾਹ ਚਲਾ ਕੇ ਸਿੱਖਾਂ ਨੂੰ ਸਹੀ ਅਰਥਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਰਗੇ ਤੇਜੱਸਵੀ, ਤਪੱਸਵੀ ਅਤੇ ਨਿਸ਼ਠਾਵਾਨ ਸਿੱਖ ਬਣਾਉਣ ਲਈ ਯਤਨ ਅਰੰਭ ਕੀਤੇ ਅਤੇ ਉਹਨਾਂ ਦੇ ਅਜਿਹੇ ਯਤਨ ਫਲੀਭੂਤ ਵੀ ਹੋਏ। ਬੇਸ਼ੱਕ ਤਤਕਾਲੀਨ ਰਾਜਨੀਤਿਕ ਪ੍ਰਸਥਿਤੀਆਂ ਨੇ ਉਹਨਾਂ ਦੇ ਦੂਸਰੇ ਉਦੇਸ਼ ਦੀ ਪ੍ਰਾਪਤੀ ਨੂੰ ਵਾਸਤਵਿਕਤਾ ਨਾ ਬਣਨ ਦਿੱਤਾ ਪਰ ਉਹ ਇਸ ਲਹਿਰ ਦੁਆਰਾ ਪੰਜਾਬ ਵਿਚ ਇਕ ਐਸੀ ਜੋਤ ਬਾਲ ਗਏ ਜਿਸ ਤੋਂ ਅਗਲੀ ਪੌਣੀ ਸਦੀ ਦੌਰਾਨ ਅੰਗਰੇਜ਼ੀ ਸਾਮਰਾਜ ਵਿਰੁੱਧ ਵਿੱਢੇ ਗਏ ਹਰ ਅੰਦੋਲਨ ਨੇ ਰੋਸ਼ਨੀ ਪ੍ਰਾਪਤ ਕੀਤੀ।

## ਹਵਾਲੇ


1. ਭੈਸ਼ ਪੂਰਾ, ਪੰਨਾ 1306
2. ਸਤਿਗੁਰੂ ਬਿਲਾਸ, ਪੰਨਾ 104
3. ਜਸਵਿੰਦਰ ਸਿੰਘ (ਸੰ), ਹੁਕਮਨਾਮਾ-27
4. ਕ੍ਰਮਵਾਰ ਹੁਕਮਨਾਮਾ ਨੰ: 11, 38 ਅਤੇ 48
5. ਕ੍ਰਮਵਾਰ ਹੁਕਮਨਾਮਾ ਨੰ: 24 ਅਤੇ 32
6. ਹੁਕਮਨਾਮਾ ਨੰ: 16, ਪੰਨਾ 231
7. ਹੁਕਮਨਾਮਾ ਨੰ: 47, ਪੰਨਾ 393
8. ਸਤਿਗੁਰੂ ਬਿਲਾਸ (ਭਾਗ ਪਹਿਲਾ) ਪੰਨਾ 11
9. ਉਹੀ ਪੁਸਤਕ, ਪੰਨਾ 25
10. ਉਹੀ ਪੁਸਤਕ, ਪੰਨਾ 64
11. ਉਹੀ ਪੁਸਤਕ, ਪੰਨਾ 374-75
12. ਉਹੀ ਪੁਸਤਕ, ਪੰਨਾ 254
13. ਉਹੀ ਪੁਸਤਕ, ਪੰਨਾ 444
14. ਉਹੀ ਪੁਸਤਕ, ਪੰਨਾ 346
15. ਉਹੀ ਪੁਸਤਕ, ਪੰਨਾ 264
16. ਉਹੀ ਸਥਾਨ
17. ਉਹੀ ਪੁਸਤਕ, ਪੰਨਾ 458
18. ਉਹੀ ਪੁਸਤਕ, ਪੰਨਾ 457
19. ਬ੍ਰਿਟਿਸ਼ ਸ਼ਾਸਨ ਵਿਰੁੱਧ ਵਿਦਰੋਹੀ, ਪੰਨਾ 11
20. ਮਿਸਟਰ ਆਰ. ਜੀ. ਟੇਲਰ, ਕਮਿਸ਼ਨਰ ਅਤੇ ਸੁਪਰਡੰਟ, ਅੰਬਾਲਾ ਵੱਲੋਂ ਸਕੱਤਰ ਪੰਜਾਬ ਸਰਕਾਰ ਵੱਲ 11 ਸਤੰਬਰ 1866 ਨੂੰ ਲਿਖੇ ਪੱਤਰ ਵਿੱਚੋਂ ਉਧਰਿਤ
21. ਉਕਤ ਸਥਾਨ
22. ਪੱਤਰ ਨੰ: 97 ਭੀਡੀ 31 ਭਠੀ 1867
23. ਮਹਾਰਾਜਾ ਪਟਿਆਲਾ ਵਲੋਂ ਸਕੱਤਰ ਪੰਜਾਬ ਸਰਕਾਰ ਵੱਲ ਪੱਤਰ ਮਿਤੀ 15 ਫਰਵਰੀ 1872
24. ਸੂਬਾ ਸੁਰਿੰਦਰ ਕੌਰ ਖਰਲ ਦੁਆਰਾ ਉਧਰਿਤ- ਪੰਜਾਬੀ ਟ੍ਰਿਬਿਊਨ, ਮਿਤੀ 13 ਅਪ੍ਰੈਲ 2007 ਦਾ ਅੰਕ
25. ਸਤਿਗੁਰੂ ਬਿਲਾਸ (ਭਾਗ ਪਹਿਲਾ), ਪੰਨਾ 285
26. ਪੰਨਾ. 1269
27. ਕੂਕੇ: ਪੰਜਾਬ ਦੇ ਅਜ਼ਾਦ ਲੜਾਕੂ, ਪੰਨਾ 257।
28. ਹੁਕਮਨਾਮੇ, ਪੰਨਾ 22
29. ਉਹੀ ਸਥਾਨ
30. ਸਤਿਜੁਗ, ਬਸੰਤ ਅੰਕ, ਬਿ. 2061; ਈ: 2005 ਵਿਚ ਪ੍ਰਕਾਸ਼ਿਤ ਲੇਖ "ਕੂਕਾ ਅੰਦੋਲਨ-ਇਕ ਰਾਜਨੀਤਿਕ ਅੰਦੋਲਨ", ਪੰਨਾ 34
31. ਸਤਿਜੁਗ, ਬਸੰਤ ਅੰਕ, ਬਿ. 2050; ਵਿਚ ਪ੍ਰਕਾਸ਼ਿਤ ਲੇਖ "ਹੁਣ ਦੁਵਾਰ ਖੋਹਲੋ", ਪੰਨਾ 21
32. ਬਾਰਾਂਮਾਹ ਕ੍ਰਿਤ ਭਾਈ ਚੰਦਾ ਸਿੰਘ,ਆਲੋਚਨਾ, ਅੰਕ 207-ਦਸੰਬਰ 2005) (23)
33. ਸਤਿਗੁਰੂ ਬਿਲਾਸ (ਭਾਗ ਪਹਿਲਾ), ਪੰਨਾ 319-20


........................................................

# ਸੋਈ ਚੰਦੁ ਚੜਹਿ ਸੇ ਤਾਰੇ



**ਗੁਰੂਬਚਨ ਸਿੰਘ ਨਾਮਧਾਰੀ**
**93160-51015**

ਕਰੋੜਾਂ ਸਾਲ ਹੋ ਗਏ, ਧਰਤੀ ਨੂੰ। ਉਹ ਚੰਦ, ਉਹੀ ਤਾਰੇ, ਉਹੀ ਸੂਰਜ। ਹਵਾ ਚੱਲ ਰਹੀ ਹੈ, ਬਰਖਾ ਹੁੰਦੀ ਹੈ। ਇਨ੍ਹਾਂ ਦੇ ਗੁਣ ਸੁਭਾਅ ਉਹੀ ਨੇ। ਉਹੀ ਸਮੇਂ ਦੀ ਚਾਲ, ਉਵੇਂ ਨਿਰੰਤਰਤਾ। ਕਿਤੇ ਕੁਝ ਬਦਲਾਅ ਨਹੀਂ ਹੈ। ਸੂਰਜ ਆਪਣੇ ਨਿਯਮਿਤ ਸਮੇਂ 'ਤੇ ਉਦੈ ਹੁੰਦੈ, ਮਿੱਥੇ ਹੋਏ ਸਮੇਂ 'ਤੇ ਅਸਤ ਹੁੰਦੈ। ਚੰਦ ਦਾ ਰੂਪ, ਰੰਗ, ਗਤੀ ਅਤੇ ਸ਼ੀਤਲ ਗੁਣ ਵਿਚ ਕੋਈ ਤਬਦੀਲੀ ਨਹੀਂ। ਜਿਹੜੇ ਰੁੱਤ ਪ੍ਰੀਵਰਤਨ ਹੁੰਦੇ ਹਨ, ਦਿਨ ਛੋਟੇ ਵੱਡੇ, ਸੂਰਜ ਦੀ ਤਪਸ਼ ਵੱਧਦੀ ਘੱਟਦੀ ਹੈ, ਉਸ ਦਾ ਕਾਰਨ ਧਰਤੀ ਦੀ ਦਸ਼ਾ ਅਤੇ ਦਿਸ਼ਾ ਪ੍ਰੀਵਰਤਨ ਹੈ। ਸੂਰਜ ਆਪਣੇ ਥਾਂ 'ਤੇ ਸਥਿਰ ਹੈ। ਧਰਤੀ ਅਤੇ ਚੰਦ ਗਤੀਸ਼ੀਲ ਹਨ। ਧਰਤੀ ਸੂਰਜ ਦੀ ਪਰਕਰਮਾ ਕਰ ਰਹੀ ਹੈ। ਚੰਦ, ਧਰਤੀ ਦੀ ਪਰਕਰਮਾ ਕਰ ਰਿਹੈ। ਉਸ ਪਰਕਰਮਾ ਦੇ ਕ੍ਰਮ ਵਿਚ ਧਰਤੀ ਦਾ ਰੁੱਖ ਤਬਦੀਲ ਹੁੰਦਾ ਰਹਿੰਦਾ ਹੈ। ਸੂਰਜ ਦੇ ਸਾਮ੍ਹਣੇ ਆਏ ਧਰਤ-ਖੰਡ 'ਤੇ ਤਪਸ਼ ਵੱਧ ਅਤੇ ਪਿਛਲੇ ਹਿੱਸੇ ਵਿਚ ਸੂਰਜ ਦਾ ਪ੍ਰਕਾਸ਼ ਨਾ ਪਹੁੰਚਣ ਕਰ ਕੇ, ਰਾਤ ਅਤੇ ਸਰਦ ਰੁੱਤ ਆਉਂਦੀ ਹੈ। ਅੱਜ ਕਲ੍ਹ ਗਲੋਬਲ ਵਾਰਮਿੰਗ ਦੀ ਚਰਚਾ ਅਤੇ ਚਿੰਤਾ, ਦੁਨੀਆਂ ਦੇ ਵਿਗਿਆਨੀ ਅਤੇ ਬੁੱਧੀਜੀਵੀ ਵਰਗ ਵਿਚ ਹੋ ਰਹੀ ਹੈ। ਧਰਤੀ ਦਾ ਤਾਪਮਾਨ, ਹੌਲੀ-ਹੌਲੀ ਵੱਧਦਾ ਜਾ ਰਿਹੈ। ਉੱਚੇ ਪਹਾੜਾਂ 'ਤੇ ਗਲੇਸ਼ੀਅਰ ਬਰਫ, ਤੇਜ਼ੀ ਨਾਲ ਪਾਣੀ ਬਣ ਕੇ, ਨਦੀਆਂ ਰਾਹੀਂ ਸਮੁੰਦਰਾਂ ਵਿੱਚ ਮਿਲ ਰਹੀ ਹੈ। ਸਮੁੰਦਰਾਂ ਦਾ ਜਲ ਸਤਰ ਹੌਲੀ-ਹੌਲੀ ਵੱਧ ਰਿਹੈ। ਦੁਨੀਆਂ ਦੀਆਂ ਵਿਗਿਆਨੀ ਸੰਸਥਾਵਾਂ ਨੇ, ਜੇ ਇਹੋ ਹਾਲਾਤ ਰਹੇ ਤਾਂ ਸੰਨ 2050 ਤੱਕ, ਜਾਕਰਤਾ, ਮੁੰਬਈ, ਕੋਲਕਾਤਾ ਅਤੇ ਹਾਂਗਕੌਂਗ ਜਿਹੇ, ਸਮੁੰਦਰਾਂ ਕਿਨਾਰੇ ਵਸਦੇ ਸ਼ਹਿਰਾਂ ਦੇ, ਸਮੁੰਦਰ ਵਿਚ ਸਮਾ ਜਾਣ ਦੀ ਚੇਤਾਵਨੀ ਦਿੱਤੀ ਹੈ। ਧਰਤੀ 'ਤੇ ਰਾਤ ਦਿਨ ਉਸਾਰੀ ਕੀਤੀ ਜਾ ਰਹੀ ਹੈ। ਜੰਗਲਾਂ, ਪਹਾੜਾਂ ਨੂੰ ਕੱਟ ਵੱਢ ਕੇ ਸ਼ਹਿਰ ਬਣ ਰਹੇ ਹਨ। ਵੱਡੇ-ਵੱਡੇ ਕਾਰਖਾਨੇ, ਮੋਟਰਾਂ-ਕਾਰਾਂ, ਯੁਰੈਨਿਯਮ ਦੇ ਪ੍ਰਯੋਗ ਨਾਲ ਚੱਲ ਰਹੇ ਬਿਜਲੀ ਉਤਪਾਦਨ ਕੇਂਦਰ! ਇਹਨਾਂ 'ਚੋਂ ਰਾਤ ਦਿਨ ਤਾਪ ਦਾ ਉਤਸਰਜਨ ਹੋ ਰਿਹੈ। ਹਵਾ, ਸਾਹ ਲੈਣ ਜੋਗ ਸ਼ੁੱਧ ਨਹੀਂ ਰਹਿ ਗਈ। ਘਰਾਂ ਦੀ ਗੰਦਗੀ, ਸੀਵਰੇਜ, ਕਾਰਖਾਨਿਆਂ ਦਾ ਰਸਾਇਣ ਰੌਲਿਆ ਹੋਇਆ ਜ਼ਹਿਰ ਭਰਿਆ ਪਾਣੀ ਨਦੀਆਂ ਵਿੱਚ ਮਿਲ ਰਿਹੈ। ਖੇਤਾਂ ਵਿਚ ਖਾਦਾਂ ਦੇ ਨਾਂ 'ਤੇ ਜ਼ਹਿਰੀਲੇ ਕੇਮੀਕਲ ਯੁਕਤ ਯੂਰੀਆ, ਪੇਸਟੀਸਾਈਡ ਅਤੇ ਕੀੜੇ ਮੱਛਰ ਮਾਰਨ ਵਾਲੀਆਂ ਸਪ੍ਰੇ ਅਤੇ ਜ਼ਹਿਰੀਲੀਆਂ ਦਵਾਈਆਂ ਨੇ, ਧਰਤੀ ਤੋਂ ਉਪਜ ਰਹੇ ਅੰਨ ਵਿੱਚ ਵੀ ਜ਼ਹਿਰ ਮਿਲਾ ਦਿੱਤਾ। ਪਾਣੀ ਦੂਸ਼ਿਤ, ਹਵਾ ਜ਼ਹਿਰ ਭਰੀ। ਇਹਨਾਂ ਕਰ ਕੇ ਅੰਨ੍ਹ, ਪਾਣੀ, ਹਵਾ ਵਿਚ ਜ਼ਹਿਰ ਦੇ ਸਤਰ ਤੱਕ ਪ੍ਰਦੂਸ਼ਣ ਵੱਧ ਚੁੱਕਿਆ ਹੈ। ਆਕਾਸ਼ ਵਿਚ ਜਾ ਕੇ ਇਹੋ ਪ੍ਰਦੂਸ਼ਣ ਓਜੋਨ ਦੀ ਪਰਤ ਨੂੰ ਪਾੜ ਰਹੀ ਹੈ। ਸੂਰਜ ਦੀਆਂ ਕਿਰਣਾਂ ਵਿਚ ਵਿਆਪਤ ਅਲਟ੍ਰਾ ਵਾਇਲਟ ਕਿਰਣਾਂ, ਸਿੱਧੀਆਂ ਧਰਤੀ 'ਤੇ ਪੈ ਰਹੀਆਂ ਹਨ। ਇਹ ਪਰਾਬੈਂਗਨੀ ਕਿਰਣਾਂ ਧਰਤੀ ਦੇ ਜਨ, ਜੀਵ ਅਤੇ ਬਨਸਪਤੀ ਲਈ ਬਹੁਤ ਹਾਨੀਕਾਰਕ ਹਨ। ਧਰਤੀ ਅਤੇ ਧਰਤੀ ਤੋਂ ਉੱਪਰ 10 ਕਿਲੋਮੀਟਰ ਤੋਂ ਲੈ ਕੇ 50 ਕਿ.ਮੀ. ਤੱਕ, ਧਰਤੀ ਦਾ ਪਰਿਆਵਰਨ ਅਸੰਤੁਲਨ, ਇਸ ਵਾਯੂਮੰਡਲੀ ਉਪਦ੍ਰਵ ਦਾ ਕਾਰਣ ਹੈ ਅਤੇ ਸਿੱਧੇ ਤੌਰ 'ਤੇ ਮਨੁੱਖ ਹੀ ਇਹਨਾਂ ਲਈ ਜ਼ਿੰਮੇਵਾਰ ਹੈ। ਹਵਾ, ਪਾਣੀ, ਜੰਗਲ, ਪਹਾੜ-ਇਹ ਸਾਰੇ ਕੁਦਰਤ ਦੀਆਂ ਬੇਸ਼ਕੀਮਤੀ ਦਾਤਾਂ ਮਨੁੱਖ ਨੂੰ ਮਿਲੀਆਂ ਹਨ। ਪਰ ਮਨੁੱਖ ਦੀ ਆਕਾਂਖਾ ਨੇ, ਵੱਡਿਆਂ ਹੋਣ ਅਤੇ ਧਨ ਕਮਾਉਣ ਦੀ ਚਾਹਤ ਨੇ, ਮਨੁੱਖ ਮਾਤਰ ਨੂੰ ਵਿਨਾਸ਼ ਦੇ ਕਿਨਾਰੇ ਲਿਆ ਖੜ੍ਹਿਆਂ ਕਰ ਦਿੱਤਾ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਕੁਦਰਤ ਵੱਲੋਂ ਪ੍ਰਾਪਤ, ਇਹਨਾਂ ਨਾਯਾਬ ਤੋਹਫ਼ਿਆਂ ਦੀ ਦੁਰਦਸ਼ਾ ਪ੍ਰਤੀ, ਸਮਾਜਿਕ ਪੱਧਰ 'ਤੇ ਚਿੰਤਨਸ਼ੀਲ ਸੰਵਾਦ ਦਾ ਵਿਸ਼ਾ ਰੱਖਦੇ ਹਨ-

"ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ।"
(ਰਾਮਕਲੀ ਮਹਲਾ 1, ਪੰ. 902)

ਜੁਗਾਂ ਤੋਂ ਧਰਤੀ ਦੀ ਮਿੱਟੀ ਤੋਂ ਪੋਸ਼ਨ ਪ੍ਰਾਪਤ ਕੀਤਾ, ਸੂਰਜ ਤੋਂ ਊਰਜਾ ਅਤੇ ਚੰਦ ਤਾਰਿਆਂ ਤੋਂ ਸੀਤਲਤਾ ਅਤੇ ਸੁੰਦਰਤਾ ਦੇ ਲੋਕ ਗੀਤਾਂ ਨੂੰ ਗਾਇਆ, ਹੰਢਾਇਆ। ਵਿਗਸਤ ਹੁੰਦਾ ਹੋਇਆ ਮਨੁੱਖ, ਅੱਜ ਅਕਿਰਤਘਨ ਹੋਇ ਗਿਆ। ਮਨੁੱਖ ਨੇ ਇਹਨਾਂ ਸਾਰਿਆਂ ਨਾਲ ਧ੍ਰੋਹ ਕਮਾਇਆ। ਕਹਿਣ ਵੇਖਣ ਨੂੰ ਮਨੁੱਖ, ਬਹੁਤ ਵਿਕਸਤ ਪ੍ਰਾਣੀ ਹੈ। ਦੂਰ ਦੂਰ ਦੇ ਮੰਗਲ, ਸ਼ੁਕਰ ਗ੍ਰਹਿ ਤੱਕ ਨੇੜੇ ਨੇੜੇ ਜਿਹੇ ਹੋ ਗਏ ਲੱਗਦੇ ਹਨ। ਪਰ ਮਨੁੱਖ, ਮਨੁੱਖ ਤੋਂ ਦੂਰ ਦੂਰ ਹੁੰਦਾ ਜਾ ਰਿਹੈ। ਕੋਈ ਰਿਸ਼ਤਾ ਭਰੋਸੇਮੰਦ ਨਹੀਂ ਰਹਿ ਗਿਆ ਦਿੱਸਦਾ। ਸਾਰੇ ਰਿਸ਼ਤੇ ਲੋਭ ਅਤੇ ਸ਼ੰਕਾ ਦੇ ਘੇਰੇ ਵਿਚ ਕੈਦ ਹੋ ਗਏ ਹਨ।

ਤਥਾਕਥਿਤ ਧਰਮ ਗੁਰੂ ਕਹਿਲੌਣ ਵਾਲੇ, ਇਸ ਆਰੀਆ ਵਰਤ ਵਿਚ ਪੰਜ ਹਜ਼ਾਰ ਸਾਲ ਪਹਿਲਾਂ, ਹਸਤਿਨਾਪੁਰ ਦੇ ਦਰਬਾਰ ਵਿਚ, ਸਮੇਂ ਦੇ ਸਭ ਤੋਂ ਵੱਡੇ ਦਾਨਿਸ਼ਮੰਦ, ਸਿੱਖਿਆ ਗੁਰੂ ਅਤੇ ਸੂਰਵੀਰਾਂ ਨਾਲ ਭਰੇ ਹੋਏ ਦਰਬਾਰ ਵਿਚ, ਇਕ ਕਲੰਕੀ ਘਟਨਾ ਘਟੀ। ਰਾਜ-ਦਰਬਾਰ ਦੀ ਹੀ ਕੁਲ ਬਹੂ ਨੂੰ ਨਗਨ ਕੀਤਾ ਗਿਆ। ਮਾਫ਼ ਕਰਨਾ, ਕਿਹਾ ਜਾਂਦਾ ਹੈ ਕਿ ਭਗਵਾਨ ਸ੍ਰੀ ਕ੍ਰਿਸ਼ਨ ਦੀ ਕਿਰਪਾ ਨਾਲ, ਦ੍ਰੋਪਤੀ ਪੂਰੀ ਤਰ੍ਹਾਂ ਨੰਗੀ ਨਾ ਕੀਤੀ ਜਾ ਸਕੀ। ਪਰ ਭਰੀ ਸਭਾ ਵਿਚ, ਕਿਸੇ ਨਾਰੀ ਨੂੰ ਘਸੀਟ ਕੇ, ਵਾਲੋਂ ਫੜ ਕੇ ਲਿਆਂਦਾ ਜਾਏ, ਉਸ ਦੇ ਬਸਤਰਾਂ ਨੂੰ ਹੱਥ ਪਾਇਆ ਜਾਵੇ, ਸਾੜ੍ਹੀ ਦਾ ਪੱਲਾ ਸਿਰੋਂ, ਮੋਢਿਉਂ ਲਾਹ ਕੇ ਖੋਲ੍ਹਣਾ ਆਰੰਭ ਕਰ ਦਿੱਤਾ ਜਾਏ ਤਾਂ ਉਸ ਨਾਰੀ ਦੀ ਲਾਜ ਤਾਂ ਨੰਗੀ ਹੋ ਹੀ ਜਾਂਦੀ ਹੈ । ਪ੍ਰਸੰਗ ਹੈ, ਕ੍ਰਿਸ਼ਨ ਕ੍ਰਿਪਾ ਨਾਲ ਪੂਰੀ ਨਗਨ ਨਾ ਹੋਈ, ਪਰ ਉਸ ਅਰਧ ਨਗਨ ਨਾਰੀ ਤੋਂ ਕਦੀ ਪੁੱਛ ਵੇਖੋ, ਉਸ ਦੀ ਸ਼ਾਨ, ਸਵੈਮਾਨ ਬਹੁਤ ਕੁਝ, ਨੰਗਿਆ ਹੋ ਜਾਂਦਾ ਹੈ।

ਪੰਜ ਹਜ਼ਾਰ ਸਾਲ ਬੀਤ ਗਏ। ਅੱਜ ਵੀ ਜਨ ਮਾਨਸ ਵਿਚ ਪ੍ਰਸ਼ਨ, ਸਉਣ ਭਾਦੋਂ ਦੀ ਬਿਜਲੀ ਵਾਂਗ ਲਿਸ਼ਕ ਜਾਂਦਾ ਹੈ, ਕੈਸੀ ਸਭਿਅਤਾ ਦਾ ਦਾਅਵਾ ਅਸੀਂ ਕਰਦੇ ਹਾਂ ? ਸ. ਸੰਤੋਖ ਸਿੰਘ ਸਫ਼ਰੀ ਲਿਖਦੇ ਹਨ-

"ਰਹਿਤਲ ਬਹਿਤਲ ਦੀ ਰਹਿਤ ਨਹੀਂ ਤੂੰ ਰੱਖੀ-
ਤੂੰ ਇਹ ਸਾਰੀ ਦੀ ਸਾਰੀ ਸਾੜ ਦਿੱਤੀ।
ਆਇਤਾਂ ਵਰਗੀਆਂ ਔਰਤਾਂ ਨਗਨ ਕਰ ਕੇ,
ਸਭਿਤਾ ਪੈਰਾਂ ਹੇਠ ਲਤਾੜ ਦਿੱਤੀ।"

ਧਰਮ ਦਾ ਅਰਥ ਹੈ, ਧਾਰਣ ਕਰਨਾ। ਮਿੱਟੀ, ਪਾਣੀ, ਹਵਾ, ਅੱਗ ਔਰ ਆਕਾਸ਼ ਦੇ ਤੱਤ ਧਾਰਣ ਕੀਤੇ। ਮਾਤਾ, ਪਿਤਾ, ਬੱਚੇ, ਸਮਾਜ, ਸੰਸਾਰ ਦੀ ਸੰਪੂਰਨ ਮਨੁੱਖਤਾ, ਸੰਪੂਰਨ ਪ੍ਰਾਣੀ ਮਾਤਰ, ਇਹ ਧਰਤ, ਆਕਾਸ਼, ਸੂਰਜ, ਚੰਦ, ਸਾਰਿਆਂ ਪ੍ਰਤੀ ਜ਼ਿੰਮੇਵਾਰੀਆਂ ਦਾ ਸ਼ਰਧਾ ਪੂਰਨ ਨਿਰਵਾਹ, ਧਰਮ ਹੈ। ਇਸ ਜ਼ਿੰਮੇਵਾਰੀ ਦੇ ਨਿਰਵਾਹ ਲਈ, ਸੱਤਿ, ਅਹਿੰਸਾ, ਦਇਆ, ਖਿਮਾ, ਸੰਤੋਖ, ਸਦਾਚਾਰ ਜਿਹੇ ਤੱਤਾਂ ਨੂੰ ਧਰਮ ਤੱਤ ਘੋਸ਼ਿਤ ਕੀਤਾ ਗਿਆ। ਯਥਾਰਥ ਵਿਚ ਇਹ ਤੱਤ ਇਕ ਸ਼ਾਂਤ, ਸੁਖੀ ਅਤੇ ਸੁਰੱਖਿਅਤ ਸਮਾਜ ਨਿਰਮਾਣ ਲਈ ਸਹਿਯੋਗੀ ਤੱਤ ਹਨ, ਹੋਰ ਕੁਝ ਵੀ ਨਹੀਂ। "ਸੱਚ ਬੋਲ" ਤਾਂ ਜੋ ਤੁਸੀਂ ਸਮਾਜ ਵਿਚ ਭਰੋਸੇ ਜੋਗ ਸਵੀਕਾਰ ਹੋ ਸਕੇ। "ਦਇਆ ਕਰੋ" ਸਾਰੇ ਜੀਆਂ 'ਤੇ, ਤਾਂ ਜੋ ਦਇਆਲੂ ਪਰਮਾਤਮਾ ਤੋਂ ਤੁਸੀਂ ਵੀ ਦਇਆ ਦੇ ਹੱਕਦਾਰ ਬਣ ਸਕੋ। ਇਹ ਸਾਰੇ ਨੈਤਿਕ ਲੱਛਣ ਹਨ, ਦਾਰਸ਼ਨਿਕ ਪਲੂਟੋ ਕਹਿੰਦਾ ਹੈ; ਇਹਨਾਂ ਨੈਤਿਕ ਗੁਣਾਂ ਨੂੰ ਪੌਰਾਣਿਕ ਜਾਮਾਂ, ਵੇਦਾਂ, ਪੁਰਾਣਾਂ ਦੇ ਪ੍ਰਸੰਗਾਂ ਜੋਗ ਰੂਪ ਨੂੰ ਹੀ ਧਰਮ ਕਹਿੰਦੇ ਹਾਂ। ਮਹਾਂਰਿਸ਼ੀ ਕੁਣਾਦ, ਆਪਣੇ ਵੈਸ਼ੇਸ਼ੇਕ ਦਰਸ਼ਨ ਵਿਚ, ਧਰਮ ਦੀ ਪ੍ਰੀਭਾਸ਼ਾ ਦਿੰਦੇ ਹਨ-

"ਧਰਮ ਉਹ ਕਲਿਆਣਕਾਰੀ ਤੱਤ ਹੈ, ਜਿਸ ਨਾਲ ਲੌਕਿਕ ਵਿਕਾਸ ਅਤੇ ਮੋਖ਼ਸ਼ ਦੀ ਪ੍ਰਾਪਤੀ ਹੁੰਦੀ ਹੈ। "

ਸਾਰਾ ਸੰਸਾਰ, ਸਾਰਾ ਲੋਕ, ਸਾਰੇ ਲੋਕ ਵਾਸੀ ਇਕ ਨਜ਼ਰ ਆਉਣ। ਸਭ ਦਾ ਵਿਕਾਸ! ਕਿਸੇ ਦੇ ਸੁਖੀ ਵਸਦੇ ਆਸ਼ਿਆਨੇ ਵਿਚ ਖਲਲ ਨਾ ਪਾਈਏ। ਸਭ ਦਾ ਸਾਥ, ਸਭ ਦਾ ਵਿਕਾਸ ! ਗੁਰੂ ਨਾਨਕ ਧਰਮ ਦਰਸ਼ਨ ਦੀ ਇਕ ਪੰਗਤੀ, 'ਸਰਬੱਤ ਦਾ ਭਲਾ", ਧਰਮ ਦੀ ਸਰਵੋਤਮ ਪ੍ਰੀਭਾਸ਼ਾ ਹੈ। ਕਿਸੇ ਦਾ ਬੁਰਾ ਨਾ ਹੋਵੇ, ਸਭ ਦਾ ਭਲਾ ਹੋਵੇ, ਇਹ ਧਾਰਣਾ ਹੀ ਧਰਮ ਹੈ। ਭਗਵਾਨ ਬੁੱਧ ਦਾ "ਅਸ਼ਟਾਂਗ ਮਾਰਗ", "ਸਰਬੱਤ ਦਾ ਭਲਾ", ਦੀ ਹੀ ਵਿਆਖਿਆ ਕਹੀ ਜਾ ਸਕਦੀ ਹੈ।

ਸਮਾਨ ਦ੍ਰਿਸ਼ਟੀ, ਸਮਾਨ ਸੰਕਲਪ, ਸਮਾਨ ਕਰਮ, ਸਮਾਨ ਆਜੀਵਿਕਾ, ਇਹ ਸਾਰੇ ਸ਼ਬਦ ਵਾਸਤਵ ਵਿਚ, "ਸਰਬੱਤ ਦਾ ਭਲਾ" ਦੀ ਹੀ ਵਿਆਖਿਆ ਕਰ ਰਹੇ ਹਨ।

ਸੰਸਾਰ ਵਿਚ ਮੋਹ ਅਤੇ ਵਿਵੇਕ ਦੀ ਜੰਗ, ਆਦਿ ਕਾਲ ਤੋਂ ਚੱਲ ਰਹੀ ਹੈ। ਮੋਹ ਦੇ ਸੈਨਾਪਤੀ, ਤ੍ਰਿਸ਼ਨਾ ਲੋਭ, ਕਾਮ, ਕ੍ਰੋਧ, ਹੰਕਾਰ ਹਨ। ਵਾਰੇ-ਵਾਰੀ ਕੌਰਵੀ-ਸੈਨਾ ਵਾਂਗ ਕਮਾਨ ਸੰਭਾਲਦੇ ਹਨ। ਵਿਵੇਕ ਦੇ ਸੰਚਾਲਕ, ਸ਼ਾਂਤੀ,

ਸੰਤੋਖ, ਸਬਰ ਅਤੇ ਸਿਦਕ ਹਨ। ਦੋਹਾਂ ਧੜਿਆਂ ਦੀ ਜੰਗ ਹਰ ਮਨੁੱਖ ਅੰਦਰ ਚਲਦੀ ਰਹਿੰਦੀ ਹੈ। ਯਕੀਨ ਕਰੋ, ਕਾਮ, ਕ੍ਰੋਧ, ਲੋਭ, ਜਿੱਤ ਕੇ ਵੀ ਕਦੀ ਤ੍ਰਿਪਤ ਨਹੀਂ ਹੁੰਦੇ ਅਤੇ ਸਬਰ, ਸਿਦਕ, ਹਾਰ ਨੂੰ ਵੀ ਸਤਿਗੁਰ ਦਾ ਭਾਣਾ ਕਰ ਕੇ ਮੰਨਦੇ ਹਨ। ਤ੍ਰਿਪਤ, ਅਤੇ ਅਡੋਲ ਰਹਿੰਦੇ ਹਨ।

ਤਾਂ ਧਰਮ ਕਹਿੰਦੇ-

"ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ॥"
ਆਸਾ ਮਹਲਾ 5 (ਪੰ. 386)

ਕਿਸੇ ਦਾ ਬੁਰਾ ਨਾ ਚਿਤਵ। ਕੋਈ ਮਾੜਾ ਕਰਮ ਕਰਦਾ ਹੈ, ਲਗਾਂ ਲਈ ਬੁਰਾ ਚਿਤਵਦਾ ਹੈ ਤਾਂ ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਹਨ-

"ਜੇ ਕੋਈ ਮੰਦਾ ਕਰਮੁ ਕਰੇ, ਜਾਰੀ-ਚੋਰੀ ਤਾਂ ਕਿਸੇ ਹੀ ਥਾਂ ਦੁਵਾਨ ਵਿਚ ਨਹੀ ਬੜਨ ਦੇਣਾ। ਜੇਕਰ ਜੋਰਾਬਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ ਏਹੁ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ।"

ਚੰਗੇ ਦਾ ਸਤਿਕਾਰ ਅਤੇ ਬੁਰੇ ਦਾ ਬਹਿਸ਼ਕਾਰ, ਸਮਾਜ ਨੂੰ ਸੁਖੀ-ਸ਼ਾਂਤ ਰੱਖਣ ਲਈ, ਇਹ ਨੁਸਖਾ, ਪ੍ਰਯੋਗ ਰੂਪ ਵਿਚ ਹਮੇਸ਼ਾਂ ਵਰਤਿਆ ਜਾਂਦਾ ਰਿਹਾ ਹੈ।

ਤ੍ਰੇਤਾ ਯੁੱਗ ਵਿਚ, ਬਾਲੀ ਬਹੁਤ ਭਾਰੀ ਯੋਧਾ ਸੀ । ਇਸ ਦੇ ਬਾਹੂ ਬਲ ਦਾ ਅੰਦਾਜ਼ਾ ਲਾਉ... ਇਸ ਨੇ ਰਾਵਣ ਨੂੰ, ਆਪਣੀਆਂ ਬਾਹਾਂ ਦੀ ਕੱਛ ਵਿਚ ਦਬਾ ਕੇ ਕਈ ਵਾਰ, ਲੰਕਾ ਦੀ ਪਰਕਰਮਾ ਕੀਤੀ ਸੀ। ਸ਼ਕਤੀਸ਼ਾਲੀ ਬਹੁਤ ਸੀ, ਪਰ ਹੰਕਾਰ ਵਿਚ ਅੰਨ੍ਹਾ ਹੋ ਕੇ, ਅਨੈਤਿਕ ਕਾਰਜ ਕਰਨ ਲੱਗਾ। ਛੋਟੇ ਭਾਈ ਸੁਗ੍ਰੀਵ ਨੂੰ ਮਾਰ ਕੁੱਟ ਕੇ ਘਰੋਂ ਕੱਢ ਦਿੱਤਾ ਅਤੇ ਉਸ ਦੀ ਘਰ ਵਾਲੀ ਨੂੰ, ਆਪਣੀ ਘਰ ਵਾਲੀ ਬਣਾ ਕੇ ਰੱਖ ਲਿਆ। ਭਗਵਾਨ ਸ੍ਰੀ ਰਾਮ ਬਨਵਾਸ ਕੱਟ ਰਹੇ ਸਨ। ਸੀਤਾ ਦਾ ਅਪਹਰਣ ਹੋ ਚੁੱਕਿਆ ਸੀ। ਦੋਵੇਂ ਭਰਾ ਜੰਗਲ ਲੱਭਦੇ ਫਿਰ ਰਹੇ ਸਨ। ਸੁਗ੍ਰੀਵ ਮਿਲਿਆ। ਪਰਮੇਸ਼ਰ ਸਮਝ ਕੇ, ਬਾਲੀ ਦਾ ਅਨ੍ਹਿਆਂ ਅਤੇ ਆਪ ਬੀਤੀ ਸੁਣਾਈ। ਭਗਵਾਨ ਨੇ ਜਾ ਕੇ ਬਾਲੀ ਨੂੰ ਮਾਰਿਆ। ਬਾਲੀ ਪੁੱਛਦਾ ਹੈ, ਹੇ ਰਾਮ! ਮੈਂ ਤੁਹਾਡਾ ਭਗਤ ਹਾਂ, ਸ਼ਰਧਾਲੂ ਹਾਂ। ਸੁਗ੍ਰੀਵ ਤੁਹਾਨੂੰ ਪਿਆਰਾ ਹੋ ਗਿਆ, ਮੈਂ ਵੈਰੀ ਹੋ ਗਿਆ ? ਕਿਹੜੇ ਅਵਗੁਣ ਕਰਕੇ ਮੈਨੂੰ ਮਾਰਿਆ-

"ਮੈਂ ਬੈਰੀ ਸੁਗ੍ਰੀਵ ਪਿਆਰਾ।
ਅਵਗੁਣ ਕਵਨ ਨਾਥ ਮੋਹਿ ਮਾਰਾ।"
ਮੈਨੂੰ ਕਿਉਂ ਮਾਰਿਆ?

ਤਾਂ ਸ੍ਰੀ ਰਾਮ ਕਹਿੰਦੇ ਹਨ-

"ਅਨੁਜ ਬਧੂ, ਭਗਿਨੀ, ਸੁਤਿ ਨਾਰੀ-।
ਸੁਣਿ ਸਠਿ ਇਹ ਕੰਨਿਆ ਸਮ ਚਾਰੀ।
ਇਨ੍ਹੇਂ ਕੁਦ੍ਰਿਸਟ ਬਿਲੋਕਹਿ ਜੋਈ-
ਤਾਂਹਿ ਬਧੈ ਕਛੁ ਪਾਪ ਨਾ ਹੋਈ॥"
ਸ੍ਰੀ ਰਾਮ ਚਰਿਤ ਮਾਨਸ (ਕਿਸ਼ਕ੍ਰਿਧਾ ਕਾਂਡ)

ਛੋਟੇ ਭਾਈ ਦੀ ਘਰ ਵਾਲੀ, ਭੈਣ, ਭਣੇਵੀਂ, ਨੂੰਹ-ਇਹ ਚਾਰੇ ਧੀਆਂ ਵਾਂਗ ਹੁੰਦੀਆਂ ਹਨ। ਇਨ੍ਹਾਂ ਨੂੰ ਮਾੜੀ ਨਜ਼ਰ ਨਾਲ ਵੇਖਣ ਵਾਲੇ ਨੂੰ ਮਾਰਿਆਂ, ਪਾਪ ਨਹੀਂ ਹੁੰਦਾ। ਇਵੇਂ ਦੇ ਦੁਰਾਚਾਰੀ, ਜੀਉਣ ਦੇ ਅਧਿਕਾਰੀ ਨਹੀਂ ਹੁੰਦੇ।

ਧਰਮ ਅਤੇ ਨੈਤਿਕਤਾ, ਇਕ ਰੂਪ ਹਨ। ਅਨੈਤਿਕ ਵਿਅਕਤੀ, ਧਰਮੀ ਨਹੀਂ ਹੋ ਸਕਦਾ। ਧਰਮੀ ਬੰਦੇ ਦੀ ਪਛਾਣ, ਉਸ ਦੇ ਭੇਖ ਪਹਿਰਾਵੇ ਤੋਂ ਨਹੀਂ, ਉਸ ਦੇ ਆਚਰਣ ਤੋਂ, ਆਚਾਰ ਵਿਵਹਾਰ ਤੋਂ ਹੋਣੀ ਚਾਹੀਦੀ ਏ। ਜਦੋਂ ਕਰਮ ਮੈਲਾ ਹੋ ਜਾਏ ਤਾਂ ਉਸ ਦਾ ਭੇਖ ਵੀ ਮੈਲਾ ਹੋ ਜਾਂਦਾ ਹੈ। ਜਰਮਨ ਦਾਰਸ਼ਨਿਕ ਫਰੈਡਰਿਕ ਨਿਤਸੇ ਨੇ ਆਪਣੀ ਪੁਸਤਕ ਵਿਚ ਲਿਖਿਆ, Godi is dead.... "ਰੱਬ ਮਰ ਗਿਆ"। ਨੈਤਿਕਤਾ ਲੋਗਾਂ ਵਿਚ ਨਾ ਰਹੀ। ਸਦਾਚਾਰ-ਇਮਾਨਦਾਰੀ ਮਰ ਗਈ। ਤਾਂ ਨਿਤਸੇ ਕਹਿੰਦੇ, ਰੱਬ ਮਰ ਗਿਆ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-ਕਰੋੜਾਂ ਸਾਲਾਂ ਦਾ ਚੰਦ ਨਹੀਂ ਬਦਲਿਆ, ਤਾਰੇ ਨਹੀਂ ਬਦਲੇ। ਸੂਰਜ ਦੀ ਦਿਨ-ਚਰਿਆ ਨਹੀਂ ਬਦਲੀ, ਪਉਣ, ਪਾਣੀ ਦਾ ਸੁਭਾਅ ਨਹੀਂ ਬਦਲਿਆ। ਮਨੁੱਖ ਬਦਲ ਗਿਆ ਹੈ। ਪਸ਼ੂ, ਪੰਖੀ, ਬਿਰਖ, ਨਦੀਆਂ, ਪਹਾੜ, ਧਰਤ ਸਾਰਿਆਂ ਪ੍ਰਤੀ ਬਹੁਤ ਕੁਰ, ਬਹੁਤ ਨਿਰਦਈ ਹੋ ਗਿਆ ਹੈ। ਤਾਂ ਉਹਨਾਂ ਦੀ ਅੰਦਰਲੀ ਕੁਦਰਤ ਦੇ ਜੀਂਸ ਵੀ ਮਾਰੂ ਹੋ ਗਏ ਹਿੰਸਕ ਹੋ ਗਏ। ਅਨਾਜ, ਸਬਜ਼ੀਆਂ, ਦੁੱਧ, ਫਲ, ਪਾਣੀ, ਸਾਰਿਆਂ ਪ੍ਰਤੀ ਇਤਨੇ ਰਸੈਨਿਕ ਉਰਵਰਕ, ਕੀਟਨਾਸ਼ਕ ਜਾਂ ਗਊਆਂ, ਮੱਝਾਂ ਤੋਂ ਵੱਧ ਦੁੱਧ ਨਿਚੋੜ ਲੈਣ ਲਈ ਵਰਤੇ ਜਾ ਰਹੇ ਐਸਟਰਾਇਡ ਦੇ ਟੀਕੇ, ਹਰ ਪਦਾਰਥ ਵਿਚ ਜ਼ਹਿਰ ਭਰਦੇ ਰਹੇ ਹਨ। ਸਾਨੂੰ ਨਹੀਂ ਪਤਾ ਔਰ ਉਹ ਸਭਕੁਛ ਖਾਣਾ, ਸਾਡੀ ਮਜਬੂਰੀ ਹੈ।

ਸਾਰੇ ਦੁਖੀ ਹਨ, ਪਰ ਇਲਜ਼ਾਮ ਆਪਣੇ 'ਤੇ ਲੈਣ ਲਈ ਕੋਈ ਤਿਆਰ ਨਹੀਂ। ਗ੍ਰਾਹਕ ਕਹਿੰਦੇ ਨੇ, ਦੁਕਾਨਦਾਰ

ਲੁੱਟ ਰਿਹੈ। ਦੁਕਾਨਦਾਰ ਕਹਿੰਦੇ, ਗ੍ਰਾਹਕ ਵਿਵਹਾਰੋਂ ਮਾੜੇ ਹੋ ਗਏ ਹਨ। ਲੈਣ ਦੇਣ ਦੀ ਮਰਿਆਦਾ ਨਹੀਂ ਰਹਿ ਗਈ। ਜਨਤਾ, ਸਰਕਾਰ, ਅਫ਼ਸਰ, ਕਿਸਾਨ, ਮਜ਼ਦੂਰ, ਮੁਲਾਜ਼ਿਮ, ਸਾਰੇ ਦੁਖੀ ਹਨ ਔਰ ਦੋਸ਼ ਦੂਜੇ 'ਤੇ ਲਾ ਰਹੇ ਹਨ।

"ਉਮ ਭਰ ਗਾਲਿਬ ਯਹੀ ਭੂਲ ਕਰਤਾ ਰਹਾ।
ਧੂਲਿ ਚੇਹਰੇ ਪੇ ਥੀ ਔਰ ਆਈਨਾ ਸਾਫ਼ ਕਰਤਾ ਰਹਾ।"

ਔਰੰਗਜ਼ੇਬ ਬਾਦਸ਼ਾਹ ਨੇ ਬੜਾ ਅਤਿਆਚਾਰ ਕੀਤਾ। ਜਬਰਨ ਟੈਕਸ ਵੀ ਲਾਏ, ਧਰਮ ਪ੍ਰੀਵਰਤਨ ਵੀ ਕਰਵਾਏ। ਸਮਝਦਾ ਰਿਹਾ, ਮੈਂ ਆਲਮਗੀਰ ਬਾਦਸ਼ਾਹ। ਧਨ ਦੌਲਤ ਬਹੁਤ ਬਣਾ ਲਈ। ਲੋਗਾਂ ਨੂੰ ਜਬਰਨ ਮੁਸਲਮਾਨ ਬਣਾ ਕੇ, ਔਲਾ ਦੇ ਘਰ ਬਹੁਤ ਸੁਆਬ ਭੀ ਖੱਟ ਰਿਹਾਂ। ਮੈਂ ਭੀ ਖੁਸ਼, ਮੇਰਾ ਰੱਬ ਵੀ ਖੁਸ਼। ਜ਼ਿੰਦਗੀ ਦੇ ਅੰਤਮ ਸਮੇਂ, ਬਾਨਵੇਂ ਸਾਲ ਦੀ ਉਮਰ ਵਿਚ, ਸਰੀਰ ਬੁੱਢਾ ਹੋ ਗਿਆ। ਥਾਂਈ ਥਾਂਈ ਵਿਰੋਧ ਦੇ ਸੁਰ ਉੱਠਣ ਲੱਗੇ। ਆਜ਼ਮ, ਮੁਅੱਜ਼ਮ ਅਤੇ ਕਾਮਬਖਸ਼, ਤਿੰਨੇ ਪੁੱਤਰਾਂ ਨੇ, ਦੱਖਣ ਭਾਰਤ, ਕਾਬੁਲ ਅਤੇ ਬੰਗਾਲ ਆਸਾਮ ਤੋਂ ਬਗਾਵਤ ਦੇ ਝੰਡੇ ਚੁੱਕ ਲਏ। ਬਹੁਤ ਦੁਖੀ ਹੋ ਕੇ, ਪੁੱਤਰ ਆਜ਼ਮ ਨੂੰ ਖ਼ਤ ਲਿਖਿਆ, "ਮੈਂ ਬੱਚਿਆਂ ਲਈ, ਤੁਹਾਡੇ ਲਈ, ਜੰਗਾਂ ਅਤੇ ਜ਼ੁਲਮਾਂ ਨਾਲ ਮੁਗਲੀਆ ਸਲਤਨਤ ਕਾਇਮ ਕੀਤੀ। ਅੱਜ ਮੇਰਾ ਲਹੂ, ਮੇਰੇ ਖ਼ਿਲਾਫ਼ ਜੰਗ ਲਈ ਤਿਆਰ ਹੈ।" ਉਹਨਾਂ ਦਿਨਾਂ ਵਿਚ ਹੀ, ਦਸਮ ਪਾਤਸ਼ਾਹ ਵੱਲੋਂ ਭੇਜਿਆ ਜ਼ਫ਼ਰਨਾਮਾ ਪੜ੍ਹਿਆ-

"ਨ ਈਮਾਂ ਪਰਸਤੀ ਨ ਅਉਜਾਇ ਦੀਂ॥
ਨ ਸਾਹਿਬ ਸ਼ਨਾਸੀ ਨਾ ਮਹਮਦ ਯਕੀਂ।"

ਔਰੰਗਜ਼ੇਬ! ਨਾ ਤੇਰੇ ਕੋਲ ਧਰਮ ਸੀ, ਨਾ ਜੀਉਣ ਦੀ ਜਾਚ ਸੀ। ਨਾ ਤੈਨੂੰ ਖੁਦਾ ਦੀ ਪਛਾਣ ਸੀ ਅਤੇ ਨਾ ਮੁਹੰਮਦ ਸਾਹਿਬ 'ਤੇ ਭਰੋਸਾ ਸੀ।

ਅੱਜ ਤੇਰੇ ਹੱਥੋਂ ਦੀਨ ਅਤੇ ਦੁਨੀਆਂ, ਦੋਵੇਂ ਬਾਹਰ ਹੋ ਗਏ।

ਤ੍ਰੇਤਾ ਯੁਗ ਦਾ ਪ੍ਰਸੰਗ ਹੈ: "ਭਗਵਾਨ ਨੇ ਸ਼ਬਰੀ ਦੇ ਬੇਰ ਖਾਧੇ।"

ਇਹ ਸ਼ਬਰੀ ਪਿਛਲੇ ਜਨਮ ਵਿਚ ਮਹਾਂਰਾਣੀ ਸੀ। ਇਕ ਵਾਰ ਤ੍ਰਿਵੇਣੀ 'ਤੇ ਕੁੰਭਲੱਗਾ। ਬੜੀ ਦੁਨੀਆਂ ਆਈ। ਵੱਡੇ-ਵੱਡੇ ਸਾਧੂ ਮਹਾਤਮਾ ਆਏ। ਸ਼ਬਰੀ ਵੀ ਰਾਜੇ ਦੇ ਵੱਡੇ ਕਾਫ਼ਲੇ ਨਾਲ ਆਈ। ਸ਼ਬਰੀ ਬਹੁਤ ਸੋਹਣੀ ਸੀ। ਤ੍ਰਿਵੇਣੀ ਦਾ ਧਾਰਮਿਕ ਮਾਹੌਲ ਸੀ। ਹਰ ਪਾਸੇ ਕੀਰਤਨ, ਕਥਾ, ਸਤਿਸੰਗ ਹੋ ਰਿਹਾ ਸੀ। ਸ਼ਬਰੀ ਨੇ ਵੀ ਸਤਿਸੰਗ ਵਿਚ ਹਾਜ਼ਰੀ ਲਾਉਣ ਲਈ, ਆਗਿਆ ਮੰਗੀ। ਰਾਜੇ ਨੇ ਰਾਜ ਘਰਾਨੇ ਦੀ ਮਰਿਆਦਾ ਨੂੰ ਧਿਆਨ ਵਿਚ ਰੱਖਿਆ। ਆਗਿਆ ਨਾ ਦਿੱਤੀ। ਸ਼ਬਰੀ ਸਾਰੀ ਰਾਤ ਜਾਗਦੀ ਰਹੀ। ਤਿੰਨ ਮਹਾਨਦ ਨੂੰ ਸਾਖੀ ਰੱਖ ਕੇ, ਪਰਮੇਸ਼ਰ ਅੱਗੇ ਅਰਦਾਸ ਕੀਤੀ, ਹੇ ਰੱਬਾ! ਇਥੇ ਪਵਿੱਤਰ ਤ੍ਰਿਵੇਣੀ 'ਤੇ ਆ ਕੇ ਵੀ, ਸਾਧਾਂ ਦੇ ਦਰਸ਼ਨ ਨਾ ਕਰ ਸਕੀ, ਸਤਿਸੰਗ ਨਸੀਬ ਨਾ ਹੋਇਆ। ਮੇਰੀ ਅਰਦਾਸ ਪਰਵਾਨ ਕਰੋ, ਅਗਲਾ ਜਨਮ ਮੈਨੂੰ ਕੋਈ ਰਾਣੀ ਨਾ ਬਣਾਈ। ਮੈਨੂੰ ਹਿਰਦੇ ਦੀ ਸੁੰਦਰਤਾ ਦੇਵੀਂ, ਚੇਹਰੇ ਦੀ ਸੁੰਦਰਤਾ ਨਾ ਦੇਵੀਂ। ਅਗਲਾ ਜਨਮ, ਸਬਰਮਾਲ ਦੇ ਭੀਲਾਂ ਘਰ ਹੋਇਆ। ਵੱਡੀ ਹੋਈ ਤਾਂ ਵਿਆਹ ਹੋਣ ਲੱਗਾ। ਕਈ ਬਕਰੇ ਤੇ ਹੋਰ ਪਸ਼ੂ ਬੱਧੇ ਹੋਏ ਵੇਖੇ। ਪੁੱਛਿਆ ਤਾਂ ਸਖੀ ਨੇ ਕਿਹਾ, ਇਹ ਸਾਰੇ ਮਾਰ ਕੇ, ਤੇਰੇ ਵਿਆਹ ਵਿਚ ਛਕਾਇਆ ਜਾਏਗਾ।

ਸ਼ਬਰੀ ਰੋ ਪਈ। ਮੇਰੇ ਵਿਆਹ ਕਾਰਨ ਇਹ ਭੋਲੇ ਜੀਅ ਮਾਰੇ ਜਾਣਗੇ। ਸੰਕਲਪ ਲਿਆ, ਮੈਂ ਵਿਆਹ ਹੀ ਨਹੀਂ ਕਰਵਾਉਣਾ ਅੱਧੀ ਰਾਤ ਜਿਉਂ ਭੱਜੀ, ਬਹੁਤ ਦੂਰ ਦੰਡਕ ਬਨ ਜਾ ਸਾਹ ਲਿਆ। ਭਗਵਾਨ ਸ੍ਰੀ ਰਾਮ- ਬਨਵਾਸ ਕਾਲ ਵਿਚ, ਖ਼ਬਰ ਲੱਗੀ ਕਿ ਦੰਡਕ ਬਨ ਦੇ ਸਾਧੂਆਂ ਸੰਤਾਂ ਨੂੰ ਦਰਸ਼ਨ ਦੇਣ ਆ ਰਹੇ ਹਨ। ਜੰਗਲ ਵਿਚ ਵੀ ਸਾਧੂਆਂ ਨੇ, ਸ਼ਬਰੀ ਨੂੰ ਅਛੂਤ ਆਖ ਕੇ ਛੇਕ ਰੱਖਿਆ ਸੀ । ਇਕ ਪਾਸੇ ਛੋਟੀ ਜਿਹੀ ਪੱਤਿਆਂ ਦੀ ਕੁਟੀ ਵਿਚ ਰਹਿੰਦੀ ਸੀ। ਗੁਰੂ ਮਤੰਗ ਦੇ ਆਸ਼ਰਮ ਵਿਚ, ਝਾੜ-ਬੁਹਾਰ ਅਤੇ ਹਵਨ ਲਈ, ਜੰਗਲੋਂ ਲੱਕੜਾਂ ਦੀ ਸੇਵਾ ਕਰਦੀ ਸੀ। ਵੱਡੇ-ਵੱਡੇ ਤਪਸਵੀ, ਮਹਾਤਮਾ, ਭਗਵਾਨ ਰਾਮ ਦੀ ਉਡੀਕ ਕਰ ਰਹੇ ਸਨ।

ਭਗਵਾਨ, ਸ਼ਬਰੀ ਦੀ ਕੁਟੀ ਵਿਚ ਗਏ। ਅੰਦਰ ਬਿਰਾਜਮਾਨ ਹੋਏ। ਸ਼ਬਰੀ ਕੋਲ ਸਿਰਫ਼ ਬੇਰ ਹੀ ਸਨ, ਉਹ ਭੋਗ ਲਾਏ। ਅੱਗੇ, ਕਹਿੰਦੇ ਨੇ ਸਾਰੇ ਸਾਧੂਆਂ ਨੂੰ ਸੰਬੋਧਤ ਕਰ ਕੇ, ਸ਼ਬਰੀ ਦਾ ਤਿਆਗ ਅਤੇ ਜੀਆਂ ਪ੍ਰਤੀ ਦਇਆ ਦਾ ਭਾਵ, ਯੋਗ ਜਾਂ ਤਪ ਤੋਂ ਭੀ ਉਪਰ ਪਹੁੰਚ ਗਿਆ ਹੈ। ਬੰਦਗੀ ਕਰ ਕੇ, ਤਪ ਕਰ ਕੇ, ਸਾਰੀ ਸ੍ਰਿਸ਼ਟੀ ਵਿਚ, ਇਕ ਨਿਰੰਕਾਰ ਨੂੰ ਵੇਖਣ ਜੋਗ ਦ੍ਰਿਸ਼ਟੀ ਵਿਕਸਤ ਹੋਣੀ ਚਾਹੀਦੀ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਕਹਿੰਦੇ ਹਨ-

"ਸੋਈ ਚੰਦੁ ਚੜਹਿ, ਸੇ ਤਾਰੇ..."

ਇਹਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ... ।

..................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਭਾਵੇਂ ਅਰਦਾਸ ਵਿਚ ਯਕੀਨ ਸੀ ਪਰ ਭਟਕਣਾ ਤਾਂ ਬੰਦੇ ਦੀ ਰਹਿੰਦੀ ਹੀ ਹੈ ਜਦ ਤੱਕ ਫਲ ਦੀ ਪ੍ਰਾਪਤੀ ਨਾ ਹੋਵੇ। ਅੱਗੇ ਤਾਂ ਸਾਰੀ ਗੱਲ ਹੀ ਤੁਹਾਡੇ ਘਰ ਵਾਪਰੀ। ਮੈਂ ਅਜੇ ਤੁਹਾਡੇ ਘਰ ਪਹੁੰਚਾ ਵੀ ਨਹੀਂ ਸਾਂ ਕਿ ਮੇਰਾ ਵੱਡਾ ਪੁੱਤਰ ਅਮਰੀਕ ਸਿੰਘ, ਜਸਬੀਰ ਸਿੰਘ ਨਾਲ ਕਾਰ 'ਤੇ ਤੁਹਾਡੇ ਘਰ ਆ ਗਿਆ ਫਿਰ ਮੈਂ ਵੀ ਆ ਗਿਆ। ਅੰਮ੍ਰਿਤ ਵੇਲੇ ਤੁਹਾਡੇ ਘਰ ਹੀ ਸੁੱਤੇ ਤੇ ਏਸੇ ਦਿਨ ਸਵੇਰੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ ਅਤੇ ਨਾਲ ਹੀ ਮੇਰੀ ਵੱਡੀ ਲੜਕੀ ਨੇ ਆਣ ਆਖਿਆ ਭਰਜਾਈ ਘਰ ਆ ਗਈ ਹੈ, ਚਿੰਤਾ ਨਾ ਕਰੋ। ਅੱਖਾਂ ਖੁਸ਼ੀ ਵਿਚ ਖੁੱਲ੍ਹੀਆਂ ਪਰ ਮੈਂ ਤਾਂ ਤੁਹਾਡੇ ਅੰਦਰ ਪਿਆ ਸਾਂ। ਦੱਸਦਾ ਵੀ ਤੁਹਾਨੂੰ ਕੀ ਸੁਪਨਾ? ਅਤੇ ਜਦੋਂ ਤੁਸੀਂ ਨਹਾ ਰਹੇ ਸਓ ਸਵੇਰੇ 5:15 ਵਜੇ, 10-5-87 ਨੂੰ ਫੋਨ ਆ ਗਿਆ ਰੂਪਿੰਦਰ ਘਰ ਪਹੁੰਚ ਗਈ ਹੈ ਤਾਂ ਸਤਿਗੁਰੂ ਦਾ ਹਜ਼ਾਰ ਸ਼ੁਕਰ ਕੀਤਾ।

ਸਤਿਗੁਰੂ ਨੇ ਸਾਡੀ ਏਨੀ ਵੱਡੀ ਮਦਦ ਕੀਤੀ ਕਿ ਏਨਾ ਵੱਡਾ ਪਰਿਵਾਰਿਕ ਹਾਦਸਾ ਵਾਪਰ ਗਿਆ ਪਰ ਗੁਆਂਢੀਆਂ ਤੱਕ ਵੀ ਬੂੰ ਨਹੀਂ ਨਿਕਲਿਆ। ਸੱਚੀਂ-ਮੁੱਚੀਂ ਵੱਡੀ ਲੜਕੀ ਸਿਰਸੇ ਵਾਲੀ ਆਪਣੀ ਭਰਜਾਈ ਨੂੰ ਘਰ ਲਿਆਈ ਸੀ ਤੇ ਮੇਰੀ ਪਤਨੀ ਨੇ ਉਸਨੂੰ ਬੇਟੀਆਂ ਵਾਂਗ ਸੰਭਾਲਿਆ। ਗਲਤੀ ਨੂੰ ਗੌਲਿਆਂ ਨਹੀਂ ਪਿਆਰ ਕੀਤਾ। ਰੂਪਿੰਦਰ ਨੇ ਰੋ ਕੇ ਸੱਸ ਨੂੰ ਦੱਸਿਆ: ਮੇਰਾ ਮਨ ਅਚਾਨਕ ਐਸਾ ਉਛਾਲਾ ਖਾ ਗਿਆ ਕਿ ਭੂਤ ਮੇਰੇ ਤੇ ਸਵਾਰ ਹੋ ਗਿਆ ਅਤੇ ਜਦੋਂ ਮੈਂ ਇਕੱਲੀ ਹੀ ਹੈਦਰਾਬਾਦ ਜਾਣ ਲਈ ਸਟੇਸ਼ਨ ਤੇ ਲਾਈਨ ਵਿਚ ਖਲੋਤੀ ਟਿਕਟ ਲੈਣ ਲਈ ਕਿ ਮੇਰੇ ਮਨ ਨੂੰ ਝਟਕਾ ਲੱਗਾ ਮੈਂ ਕਿੰਨੀ ਗਲਤੀ ਕਰ ਆਈ ਹਾਂ। ਕਵੀ ਜੀ, ਸੱਚ ਮੰਨਣਾ, ਇਹ ਉਹੋ ਸਮਾਂ ਸੀ ਜਦੋਂ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਾਧਿਆ ਸੀ। ਭੂਪਿੰਦਰ ਨੇ ਦੱਸਿਆ: ਮੈਂ ਸੋਚਿਆਂ ਜੇ ਮੈਨੂੰ ਅਗਲੇ ਘਰ ਨਾ ਵੜਨ ਦੇਣ! ਉਹ ਮੈਨੂੰ ਮਾਰਨ ਕੁੱਟਣ! ਫੇਰ ਮੈਂ ਇਕ ਧਾਰਨਾ ਧਾਰ ਲਈ ਕਿ ਜੇ ਮੈਨੂੰ ਰਾਤ ਨੂੰ ਵਾਪਸੀ ਲਈ ਜਾਂਦਿਆਂ ਹੀ ਬੱਸ ਮਿਲ ਗਈ ਤਾਂ ਸਮਝਾਂਗੀ ਮੇਰਾ ਸਹੁਰਾ ਪਰਿਵਾਰ ਮੈਨੂੰ ਪਿਆਰ ਹੀ ਕਰੇਗਾ ਗੁੱਸੇ ਨਹੀਂ ਹੋਵੇਗਾ, ਸਚੁਮੱਚ ਸਿਰਸੇ ਨੂੰ ਜਾਣ ਵਾਲੀ ਉਸਨੂੰ ਬੱਸ ਮਿਲ ਗਈ। ਚਵ੍ਹੀ ਘੰਟਿਆਂ ਵਿਚ ਕਿੰਨਾ ਕੁਛ ਵਾਪਰ ਗਿਆ ਸੀ। ਸਾਡਾ ਮਨ ਹੀ ਟਿਕਾਣੇ ਨਹੀਂ ਰਹਿੰਦਾ, ਨਹੀਂ ਤਾਂ ਸਤਿਗੁਰੂ ਜੀ ਤਾਂ ਮੇਰੇ ਬਹੁਤ ਵੱਡੇ ਤਰਫ਼ਦਾਰ ਰਹੇ।

ਏਸੇ ਸਮੇਂ ਆਪਣੇ ਇਕ ਹੋਰ ਸੁਪਨੇ ਦੀ ਸਾਰਥਕਤਾ ਯਾਦ ਆਈ। ਸਾਜਨ ਬੋਲਿਆ: ਇਕ ਵਾਰ ਅੱਗੇ ਵੀ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨੇ ਵਿਚ ਦਰਸ਼ਨ ਦੇਣ ਦੀ ਕਰਾਮਾਤ ਵੇਖੀ ਹੈ। ਮੇਰੇ ਪਿਤਾ ਜੀ ਖੋਏ ਵਾਲੇ ਆਪਣੀ ਮਿਰਤੂ ਤੋਂ 6 ਸਾਲ ਪਹਿਲਾਂ ਏਨੇ ਬਿਮਾਰ ਹੋ ਗਏ ਕਿ ਘੜੀ ਪਲਾਂ ਤੇ ਆ ਗਏ। ਡਾ. ਸਾਗਵਾਨ ਦੇ ਹਸਪਤਾਲ ਅਸੀਂ ਪੰਦਰਾਂ ਦਿਨਾਂ ਤੋਂ ਇਲਾਜ ਕਰਵਾ ਰਹੇ ਸਾਂ, ਉਨ੍ਹਾਂ ਦੀ ਹਾਲਤ ਮਰਜ਼ ਬੜਤਾ ਗਇਆ ਜੂੰ ਜੂੰ ਦਵਾ ਕੀ ਵਾਲੀ ਸੀ। ਡਾ. ਨੇ ਹਾਰ ਕੇ ਕਹਿ ਦਿੱਤਾ ਇਸਨੂੰ ਘਰ ਲੈ ਜਾਓ। ਅਜਿਹੇ ਮੌਕੇ ਘਰ ਲੈ ਜਾਣਾ ਹੀ ਮਰੀਜ਼ ਲਈ ਚੰਗਾ ਹੁੰਦਾ ਹੈ। ਏਧਰ ਏਸੇ ਰਾਤ ਮੈਨੂੰ ਸੁਪਨਾ ਆਇਆ: ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪਤਾ ਲੱਗਾ ਕਿ ਸਾਜਨ ਦਾ ਪਿਤਾ ਮਰਨੇ ਪਿਆ ਹੋਇਆ ਹੈ, ਉਹ ਰਵਾਂ-ਰਵੀਂ ਆਏ ਅਤੇ ਅਸਾਂ ਪਿਤਾ ਤੋਂ ਉਨ੍ਹਾਂ ਬੱਚਿਆਂ ਨਾਲ ਗੱਲਬਾਤ ਕਰਨ ਤੋਂ ਬਿਨਾਂ ਹੀ ਮਰੀਜ਼ ਦੀ ਮੰਜੀ ਪਾਸ ਚਲੇ ਗਏ ਅਤੇ ਏਸੇ ਖੁਸ਼ੀ ਵਿਚ ਮੇਰੀ ਜਾਗ ਖੁੱਲ੍ਹ ਗਈ ਕਿ ਸਤਿਗੁਰੂ ਜੀ ਨੇ ਅੰਤ ਸਮੇਂ ਆਪਣੇ ਸੇਵਕ ਨੂੰ ਦਰਸ਼ਨ ਦੇ ਕੇ ਕਿਰਤਾਰਥ ਕੀਤਾ ਹੈ। ਉਠਦਿਆਂ ਹੀ ਮੈਨੂੰ ਯਕੀਨ ਹੋ ਗਿਆ ਕਿ ਮੇਰੇ ਪਿਤਾ ਜੀ ਮਰਦੇ ਨਹੀਂ ਡਾ. ਘਰ ਘੱਲੇ, ਮੈਂ ਕਹਾਂ ਏਥੇ ਹੀ ਰੱਖੋ, ਡਰੋ ਨਾ ਇਹ ਮਰਦਾ ਨਹੀਂ। ਤੁਹਾਡੀ

ਸੂਹਰਤ ਨੂੰ ਵੱਟਾ ਨਹੀਂ ਲੱਗਦਾ। ਸਾਡੇ ਜ਼ੋਰ ਦੇਣ ਤੇ ਡਾ. ਦਵਾ ਦਾਰੂ ਦਿੰਦਾ ਰਿਹਾ ਤੇ ਮੇਰੇ ਪਿਤਾ ਜੀ ਰੋਜ਼ ਬਰੋਜ਼ ਜ਼ਿੰਦਗੀ ਵੱਲ ਵੱਧਣ ਲੱਗੇ ਅਤੇ 10 ਕੁ ਦਿਨਾਂ ਵਿਚ ਨੌ ਬਰ ਨੌ ਹੋ ਕੇ ਘਰ ਆ ਗਏ। ਉਹ ਇਸ ਤੋਂ ਪਿਛੋਂ ਛੇ ਸਾਲ ਜੀਏ। ਦੱਸੋ, ਇਹਨੂੰ ਕੀ ਕਹੋਗੇ?

ਮੈਂ ਤੇ ਸਾਜਨ ਨੇ ਹੋਰ ਵੀ ਅਨੇਕਾਂ ਗੱਲਾਂ ਕੀਤੀਆਂ ਪਰ ਉਹ ਰਾਤ 8 ਵੱਜਦੇ ਨੂੰ ਕੋਠੀ ਜਾਣਾ ਚਾਹੁੰਦਾ ਸੀ ਜਿਥੇ ਸੱਚੇ ਪਾਤਸ਼ਾਹ ਸਾਜਨ ਦੇ ਨੂੰਹ ਪੁੱਤਰ ਨੂੰ ਬੈਂਕੋਕ ਵਿਚ ਸੇਠ ਜਸਪਾਲ ਸਿੰਘ ਦੇ ਸ਼ਾਪਿੰਗ ਸੈਂਟਰ ਵਿਚ ਉਸ ਦੁਆਰਾ 7-8 ਹਜ਼ਾਰ ਬਾਟ ਦੀ ਨੌਕਰੀ ਦਿਲਾਣ ਬਾਰੇ ਫੋਨ ਕਰਨਾ ਚਾਹੁੰਦੇ ਸਨ?

## 21 ਮਈ 1987 ਵੀਰਵਾਰ
## ਨਵੀਂ ਦਿੱਲੀ

ਸ. ਗੁਰਬਖਸ਼ ਸਿੰਘ ਖੁਰਾਣਾ ਤੇ ਉਹਦੇ ਸਪੁੱਤਰਾਂ ਸ. ਨਰਿੰਦਰ ਸਿੰਘ ਸੁਖਬੀਰ ਸਿੰਘ ਨੇ ਗਾਂਧੀ ਨਗਰ ਵਾਲਾ ਘਰ ਤਾਂ ਇੰਦ੍ਰਾ ਕਾਂਡ ਪਿਛੋਂ ਦੇ ਘੱਲੂਘਾਰੇ ਸਮੇਂ ਤਿਆਗ ਦਿੱਤਾ ਸੀ ਹੁਣ ਉਨ੍ਹਾਂ ਕਿੰਗਜ਼ਵੇ ਕੈਂਪ ਵਿਚ ਨਵਾਂ ਘਰ ਬਣਾਇਆ ਹੈ ਜਿਸ ਵਿਚ ਪਹਿਲਾਂ ਚਰਨ ਵੀ ਪੁਆਏ ਗਏ ਪਰ ਅੱਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਆਯੋਜਨ ਸੀ। ਸਾਡੇ ਪਰਿਵਾਰ ਨੂੰ ਵੀ ਉਨ੍ਹਾਂ ਦਾ ਜ਼ੋਰਦਾਰ ਅਗ੍ਰਹਿ ਸੀ। ਅਸਾਂ ਦੋਹਾਂ ਜੀਆਂ ਮਨ ਬਣਾਇਆ ਕਿ 5:30 ਸਵੇਰ ਦੀ ਬੱਸ ਲੈ ਕੇ ਕਿੰਗਜ਼ਵੇ ਕੈਂਪ ਪਹੁੰਚ ਜਾਵਾਂਗੇ। ਗੁਰੂ ਕੇ ਦਰਸ਼ਨ ਤਾਂ ਨਸੀਬ ਵਿਚ ਨਹੀਂ ਹੋਣੇ ਪਰ ਖੁਰਾਣਾ ਪਰਿਵਾਰ ਦਾ ਨਵਾਂ ਘਰ ਜ਼ਰੂਰ ਵੇਖਿਆ ਜਾ ਸਕੇਗਾ।

ਅਸੀਂ 6 ਵਜੇ ਤੱਕ ਕਿੰਗਜ਼ਵੇ ਕੈਂਪ ਜਾ ਉਤਰੇ, 1625 ਮਕਾਨ ਨੂੰ. ਪੁੱਛਕੇ ਜਾ ਪਹੁੰਚੇ। ਕੁਝ ਪਰਿਵਾਰ ਸਾਨੂੰ ਵਾਪਸ ਆਉਂਦੇ ਵੀ ਮਿਲੇ। ਕਨਾਤਾਂ, ਚਾਨਣੀਆਂ, ਗਲੀਦਿਆਂ ਨਾਲ ਸਜਿਆ ਪੰਡਾਲ 4:45 ਵਜੇ ਸਵੇਰੇ ਹੀ ਵਿਹਲਾ ਹੋ ਗਿਆ ਜਦੋਂ ਸ੍ਰੀ ਸਤਿਗੁਰੂ ਜੀ ਅੱਧਾ ਘੰਟਾ ਪਹਿਲਾਂ ਭੋਗ ਪੁਆ ਕਾਰਾਂ ਦੁਆਰਾ ਏਅਰ ਪੋਰਟ ਨੂੰ ਸ੍ਰੀ ਭੈਣੀ ਸਾਹਿਬ ਜਾਣ ਲਈ ਪ੍ਰਸਥਾਨ ਕਰ ਗਏ ਨਾ ਮਾਲੂਮ ਅੱਜ ਤੇ ਏਨੀ ਜ਼ਲਦੀ ਕਿਸ ਕਾਰਨ ਪਧਾਰਨਾ ਪੈ ਗਿਆ।

ਪਰ ਖੁਰਾਣਾ ਪਰਿਵਾਰ ਸੰਤੁਸ਼ਟ ਸੀ। ਉਹਨਾਂ ਦੀ ਬਿਨੈ ਪਰਿਵਾਨ ਕਰ ਆਸਾ ਦੀ ਵਾਰ ਏਥੇ ਸੁਣਨੀ ਪਰਿਵਾਨ ਕਰ ਲਈ ਗਈ ਸੀ। ਸਾਡੇ ਜਾਣ ਵੇਲੇ ਸਾਧ ਸੰਗਤ ਨਾਸ਼ਤੇ ਦੇ ਰੂਪ ਵਿਚ ਤੰਦੂਰੀ ਪਰੌਂਠੇ ਅਤੇ ਵਧੀਆ ਦਾਲ ਸਬਜ਼ੀਆਂ, ਮਿਠਾਈਆਂ ਨਾਲ ਉਦਰ ਪੂਰਣਾ ਕਰ ਰਹੀਂ ਸੀ। ਅੱਜ ਦਾ ਇਹ ਸਮਾਗਮ ਇਕ ਤਰ੍ਹਾਂ ਦਾ ਚੱਠ ਸਮਾਗਮ ਸੀ।

ਮੈਂ ਸ. ਨਰਿੰਦਰ ਸਿੰਘ ਦੀ ਮਦਦ ਨਾਲ ਕਮਰਾ ਕਮਰਾ ਫਿਰ ਕੇ ਵੇਖਿਆ। 160 ਗੱਜ਼ ਅੱਜ 5 ਲੱਖ ਦੀ ਮਾਲੀਆਤ ਦੇ ਪਲਾਟ ਉਤੇ 4.50 ਲੱਖ ਰੁਪੈਆ ਖਰਚ ਕਰਕੇ ਵੀ ਬੈੱਡ ਰੂਮਜ਼ ਦੀਆਂ ਦੋ ਛੱਤਾ ਮਕਾਨ ਬਣਾ ਲਿਆ। ਡਰਾਇੰਗ ਹਾਲ ਵੀ ਖੁਲ੍ਹਾ ਅਤੇ ਸੁੰਦਰ ਸੀ।

ਸਤਿਗੁਰੂ ਜੀ ਦੇ ਪ੍ਰੇਮੀਆਂ ਦਾ ਸੁੰਦਰ, ਸੁਖਦਾਈ ਸੁਜੁਗਤਾ ਮਕਾਨ ਵੇਖ ਬੜੀ ਖੁਸ਼ੀ ਹੋਣੀ ਅਤੇ ਅਸੀਂ ਵੀ ਲੰਗਰ ਛਕ ਕੇ ਘਰ ਪਰਤ ਆਏ।

## 23 ਮਈ 1987 ਸ਼ਨੀਵਾਰ
## ਨਵੀਂ ਦਿੱਲੀ

10 ਵਜੇ ਕੋਈ ਫੋਨ ਕੀਤਾ ਸਤਿਗੁਰੂ ਜੀ ਨੇ ਅੱਜ ਆਉਣਾ ਸੀ। ਜਵਾਬ ਸੇਠ ਜੀ ਦਾ ਪ੍ਰਮੁੱਖ ਸਰਵੈਂਟ ਕਹਿ ਰਿਹਾ ਸੀ: ਸੱਚੇ ਪਾਤਸ਼ਾਹ ਸ਼ਾਮ ਨੂੰ ਆਉਣਗੇ। ਕਿਸੇ ਕਾਰਨ ਸਵੇਰ ਦੀ ਉਡਾਣ ਮਿਲ ਨਹੀਂ ਸਕੀ। ਮੈਂ ਸੋਚ ਲਿਆ ਹੁਣ ਦਰਸ਼ਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿਚ ਹੀ ਹੋਣਗੇ।

ਉਸਤਾਦ ਹਰਭਜਨ ਸਿੰਘ 1 ਵਜੇ ਸਾਡੇ ਘਰ ਆਇਆ ਮਿਲਣ। ਉਸਨੇ ਦੱਸਿਆ: ਸੱਚੇ ਪਾਤਸ਼ਾਹ 10:30 ਦੇ ਕੋਠੀ ਆਏ ਹੋਏ ਹਨ, ਪ੍ਰਸ਼ਾਦ ਛੱਕ ਕੇ ਸੁਰਿੰਦਰ ਮਨਚੰਦਾ ਵੱਲ ਚਲੇ ਗਏ ਹਨ। ਮੈਂ ਸਤਿਗੁਰਾਂ ਨੂੰ ਫੋਨ ਤੇ ਲੱਭ ਰਿਹਾ ਸਾਂ। ਕੋਈ ਫੋਨ ਕੀਤਾ, ਸਕੂਲ ਵਿਚ ਬੈਠਾ ਸਾਂ। ਗੱਲਬਾਤ ਇਸ ਤਰ੍ਹਾਂ ਹੋਈ:

ਕੌਣ ਬੋਲ ਰਿਹਾ ਏ?.........

ਸਤਿਗੁਰੂ ਜੀ ਆਏ ਹੋਏ ਹਨ?

ਮੈਂ ਫੋਨ ਦੁਆਰਾ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਹਨ। ਜਵਾਬ ਆਇਆ: ਕਰ ਲੈ ਫਿਰ। ਮੈਂ ਹੀ ਹਾਂ ਜੀਹਨੂੰ ਤੁਸੀਂ ਲਭ ਰਹੇ ਹੋ?

ਅਤੇ ਏਨਾ ਚਿਰ ਸੱਚੇ ਪਾਤਸ਼ਾਹ ਨੇ ਸਿੱਖ ਨੂੰ ਅਠਾਨੀਆਂ ਨਾਲ ਵਰਚਾਈ ਰੱਖਿਆ।

ਹਰਭਜਨ ਸਿੰਘ ਤੋਂ ਪਤਾ ਲੱਗਾ ਕਿ 4:30 ਤੋਂ 6:30 ਵਜੇ ਸ਼ਾਮੀਂ ਨਾਮ ਸਿਮਰਨ ਅਤੇ ਕੀਰਤਨ ਗੁਰੂ ਕੀ ਹਜ਼ੂਰੀ ਵਿਚ ਰਮੇਸ਼ ਨਗਰ ਹੋਵੇਗਾ, ਫੇਰ 7 ਵਜੇ ਸੰਗੀਤ ਸਭਾ ਹੋਵੇਗੀ ਅੱਜ ਵੱਡੇ ਵੱਡੇ ਕਲਾਕਾਰ ਆ ਰਹੇ ਹਨ।

ਮੈਂ ਸ਼ਾਮ ਨੂੰ ਸੰਗੀਤ ਸਭਾ ਸੁਣਨ ਦਾ ਮਨ ਬਣਾ ਲਿਆ। ਮੈਂ ਸ੍ਰੀਮਤੀ ਗੁਰਬਚਨ ਕੌਰ ਨਾਲ 6 ਵਜੇ ਕੋਠੀ ਜਾ ਪੁੱਜਾ ਅਜੇ ਸ੍ਰੀ ਸਤਿਗੁਰੂ ਜੀ ਕੋਠੀ ਨਹੀਂ ਸੀ ਆਏ। ਬਾਹਰ ਬਰਾਂਮਦੇ ਵਿਚ ਮੈਨੂੰ ਹਰਿਆਣਾ ਇਲਾਕੇ ਦੇ ਜੀਵਨ ਨਗਰ ਖੇਤਰ ਦੇ ਕੁਝ ਰਾਜਨੀਤਿਕ ਲੋਕ ਨਜ਼ਰ ਪਏ। ਪੱਖੇ ਦੀ ਹਵਾ ਲੈਂਦੇ ਬੈਚ ਕੁਰਸੀਆਂ ਤੇ ਇਕ ਸਜਣ ਬੈਠੇ ਸਨ:

1. ਸ੍ਰੀ ਲਾਲ ਚੰਦ ਖੋਡ ਐਕਸ ਐਮ.ਐਲ.ਏ. ਐਲਨਾਬਾਦ ਕਾਨਸਟੀ ਬਿਊਂਸੀ
2. ਸ੍ਰੀ ਮਨੀ ਰਾਮ ਕੇਹਰਵਾਲਾ
3. ਸ੍ਰੀ ਜਸਵੰਤ ਸਿੰਘ ਖੋਡ, ਸੰਮਤੀ ਭਰਟ ਵਾਲਾ ਮੈਂਬਰ ਬਲਾਕ
4. ਸ੍ਰੀ ਓਮ ਪ੍ਰਕਾਸ਼ ਕੇਹਰ ਵਾਲਾ ਮੈਂਬਰ ਬਲਾਕ ਸਮਿਤੀ

ਇਹ ਸੱਜਣ ਇਕ ਤਾਂ ਗੁਰੂ ਕਿਆਂ ਤੋਂ ਮਨੀਰਾਮ ਦੀ ਕਾਂਗਰਸ ਪਾਰਟੀ ਦੀ ਉਮੀਦਵਾਰੀ ਦੀ ਸਿਫਰਾਸ਼ ਲਈ ਭੱਜੇ ਫਿਰਦੇ ਰਹੇ ਸਨ ਅਤੇ ਅੱਜ ਸ਼ਾਮੀਂ 7 ਵਜੇ ਤੱਕ ਹਰਿਆਣੇ ਵਿਚ ਖੜ੍ਹੇ ਹੋਣ ਵਾਲੇ ਵਿਅਕਤੀਆਂ ਦੀ ਕਾਂਗਰਸ ਪਾਰਲੀਮੈਂਟਰੀ ਬੋਰਡ ਨੇ ਛਾਂਟੀ ਕਰਕੇ ਨਾਮਜ਼ਦਗੀ ਬਖ਼ਸ਼ਣੀ ਹੈ। ਸੁ ਇਹ ਸਜਣ 'ਦਰਸ਼ਨਾਂ' ਨੂੰ ਆਏ ਹਨ। ਲਾਲ ਚੰਦ ਖੋਡ ਨੇ ਕਿਹਾ ਸੀ: ਅਸੀਂ ਆਏ ਹਾਂ ਇਕ ਤਾਂ ਮਨੀ ਰਾਮ ਨੂੰ ਟਿਕਟ ਮਿਲੇ, ਦੂਜੀ ਸਤਿਗੁਰੂ ਜੀ ਕਿਰਪਾ ਕਰਨ ਤੇ ਉਹ ਨੂੰ ਜਿਤਾਣਾ ਵੀ।

ਇਨ੍ਹਾਂ ਪਾਸ ਬੈਠਾ ਮੈਨੂੰ ਸੇਵਾ ਤੋਂ ਸਿੱਖੀ ਹਾਸਲ ਕਰਨ ਵਾਲਾ ਸੰਤ ਕਿਸ਼ਨ ਸਿੰਘ ਵਰਿਆਂਹ ਵੀ ਮਿਲ ਪਿਆ। ਸੰਤ ਕਿਸ਼ਨ ਸਿੰਘ ਸਤਿਗੁਰੂ ਦੀ ਰਜ਼ਾ ਖਿੜੇ ਮੱਥੇ ਮੰਨ ਕੇ ਆਪਣੇ ਪਰਿਵਾਰ ਦੇ ਸਾਰੇ ਜੀਆਂ ਨੂੰ ਬੁਰੀ ਤਰ੍ਹਾਂ ਕੁਟਾਪੇ ਦਾ ਸ਼ਿਕਾਰ ਹੋਣਾ ਸੁਣ ਵੇਖ ਕੇ ਦ੍ਰਵੀਭੂਤ ਤਾਂ ਹੋ ਗਿਆ। ਜੱਟਾਂ ਦਾ ਪੁੱਤਰ ਹੋਣ ਕਰਕੇ ਬਦਲੇ ਦੀ ਅੱਗ ਵੀ ਭੜਕੇ ਪਰ ਬਹੁਤ ਤਕੜਾ ਮਨ ਕਰਕੇ ਸਾਰੇ ਜੀਆਂ ਨੂੰ ਹਸਪਤਾਲ ਪੁਚਾ ਦਿੱਲੀ ਆ ਗਿਆ। ਉਸਨੇ ਮੈਨੂੰ ਕਿਹਾ: ਪਤਾ ਜੇ ਕਵੀ ਜੀ ਸਤਿਗੁਰੂ ਜੀ ਕਿਉਂ ਭੈਣੀ ਸਾਹਿਬ ਗਏ ਘਰੋਂ ਉਨ੍ਹਾਂ ਜ਼ੁਲਮ ਵੀ ਬੜਾ ਕੀਤਾ। ਸੱਚੇ ਪਾਤਸ਼ਾਹ ਜੀ ਨੂੰ ਮੈਂ ਅਰਜ਼ ਕੀਤੀ ਤਾਂ ਸਤਿਗੁਰੂ ਜੀ ਰੁਕੇ ਨਹੀਂ, ਸਿੱਧੇ ਭੈਣੀ ਸਾਹਿਬ ਗਏ।

ਸ੍ਰੀ ਸਤਿਗੁਰੂ ਜੀ 6:30 ਕੋਠੀ ਪੁੱਜੇ। ਅੱਗੇ ਦਰਸ਼ਨ ਪ੍ਰੇਮੀ ਕਾਫ਼ੀ ਜੁੜੇ ਹੋਏ ਸਨ, ਜਿਵੇਂ ਮੰਡੀ ਦੀਆਂ ਭੈਣਾਂ ਬੀਬੀ ਭਜਨ ਕੌਰ ਅਤੇ ਦਰਸ਼ਨ ਕੌਰ। ਪਿਛਲੀ ਦਾ ਲੜਕਾ ਹਰਮੀਤ ਸਿੰਘ ਸਹਾਇਕ ਅਕੈਡਮੀ ਸਕੂਲ ਭੈਣੀ ਸਾਹਿਬ, ਸਕੱਤਰ ਤਰਸੇਮ ਸਿੰਘ, ਬੀਬੀ ਘਨੂਪੁਰਨੀ ਸੰਤ ਗੁਰਦੇਵ ਸਿੰਘ, ਸੰਤ ਕਿਸ਼ਨ ਸਿੰਘ ਆਦਿ ਸੇਠ ਤਰਲੋਕ ਸਿੰਘ ਅਤੇ ਇਨ੍ਹਾਂ ਦਾ ਲੜਕਾ ਧਰਮ ਸਿੰਘ ਚਾਵਲਾ ਇਹ ਬੈਂਕੋਕ ਤੋਂ ਆਏ ਹੋਏ ਸਨ। ਮੈਂ ਵੇਖਿਆ ਸੇਠ ਤ੍ਰਲੋਕ ਸਿੰਘ, ਸੇਠ ਧਰਮ ਸਿੰਘ ਚਾਵਲਾ, ਸੰਤ ਹਰੀ ਸਿੰਘ ਬੁੱਧੀ ਰਾਜਾ ਅਤੇ ਸੇਠ ਓਅੰਕਾਰ ਸਿੰਘ ਚਾਵਲਾ ਸਪੁੱਤਰ ਸੇਠ ਨਰੈਣ ਸਿੰਘ, ਇਕ ਮੀਟਿੰਗ ਵਿਚ ਵਿਅਸਤ ਸਨ, ਅਨੁਮਾਨ ਹੈ ਗੱਲਬਾਤ ਬੁੱਧੀਰਾਜਾ ਅਤੇ ਸੇਠ ਓਅੰਕਾਰ ਸਿੰਘ ਚਾਵਲਾ ਦਰਮਿਆਨ ਹੋਵੇਗੀ।

ਸਤਿਗੁਰੂ ਜੀ ਦੇ ਆਉਂਦੇ ਸਾਰ ਹੇਠਲੇ ਵੱਡੇ ਹਾਲ ਵਿਚ ਆਸਣ ਵਿਛਾਈ ਹੋ ਗਈ। 7:30 ਵਜੇ ਸ਼ਾਮੀਂ ਇਕ ਸੰਗੀਤ ਸਭਾ ਦਾ ਆਯੋਜਨ ਹੋ ਗਿਆ। ਇਸ ਵਿਚ ਭਾਰਤ ਦੇ ਚੋਟੀ ਦੇ ਕਲਾਕਾਰ ਭਾਗ ਲੈ ਰਹੇ ਸਨ ਜਿਵੇਂ ਪੰ. ਰਾਮ ਨਰਾਇਣ ਪ੍ਰਸਿੱਧ ਸਾਰੰਗੀ ਸਮ੍ਰਾਟ, ਪੰ. ਗੋਪਾਲ ਕ੍ਰਿਸ਼ਨ ਪ੍ਰਸਿੱਧ ਰੁੱਦ੍ਰਵੀਣਾ ਵਾਦਨ, ਪੰ. ਦੁਰਗਾ ਲਾਲ ਚੋਟੀ ਦੇ ਕੱਥਕ ਕ੍ਰਿਤਕਾਰ, ਸ੍ਰੀ ਰਾਜਨ ਮਿਸ਼ਰਾ (ਗਾਇਕ) ਪੰ. ਦੁਰਗਾ ਲਾਲਾ ਦੇ ਧਰਮ ਪਿਤਾ ਸ੍ਰੀ ਸਿਆਮ ਸੁੰਦਰ ਸਭਰਵਾਲ (ਅਮਰੀਕਾ ਤੋਂ ਆਏ) ਸ. ਅਵਤਾਰ ਸਿੰਘ (ਤਬਲਾ ਵਾਦਕ), ਉਸਤਾਦ ਹਰਭਜਨ ਸਿੰਘ ਅਤੇ ਨਾਮਧਾਰੀ ਕਲਾਕਾਰਾਂ ਦਾ ਗਰੁੱਪ ਜਿਸ ਵਿਚ ਹੇਠ ਲਿਖੇ ਨੌਜਵਾਨ ਸ਼ਾਮਿਲ ਰਹਿੰਦੇ ਹਨ। ਕਦੇ ਘੱਟ ਕਦੇ ਵੱਧ–

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

**ਸਤਿਗੁਰੂ ਪ੍ਰਤਾਪ ਸਿੰਘ ਜੀ:**

ਜਦੋਂ ਸਤਿਗੁਰਾਂ ਪਾਸ ਪਰਯੋਗ ਦੇ ਮੇਲੇ ਸਮੇਂ ਨਹਿਰ ਸਰਹੰਦ ਤੇ ਗਏ ਤਾਂ (1980 ਬਿ:) ਸਤਿਗੁਰਾਂ ਨੇ ਇਕ ਪਾਠੀ ਦੀ ਮੰਗ ਕੀਤੀ। ਸੰਤਾਂ ਕਿਹਾ: ਸਾਡੇ ਪਾਸ ਤਾਂ ਇਹੋ ਪਾਠੀ ਹੈ ਜੀ। ਸਤਿਗੁਰੂ ਜੀ ਨੇ ਮੈਨੂੰ ਕਿਹਾ: ਦੂਜੇ ਪਾਠੀ ਪੰਜਾਹ ਪੱਤਰੇ ਪੜ੍ਹ ਆਇਆ ਕਰਨਗੇ ਤੂੰ ਪੰਝੀ ਹੀ ਪੜ੍ਹ ਆਇਆ ਕਰੀਂ, ਸਾਨੂੰ ਬੜੇ ਨੇ। ਮੈਂ ਅਜੇ ਸਾਧਾਰਨ ਪਾਠ ਨਹੀਂ ਸੀ ਕੀਤਾ ਪਰ ਮੈਂ ਜਾ ਕੇ ਇਸ਼ਨਾਨ ਕਰਕੇ ਰੌਲ ਲਾਈ ਤਾਂ 40 ਪੱਤਰੇ ਪੜ੍ਹੇ। ਮੇਰਾ ਇਹ ਸੁਭਾਅ ਸੀ ਜਦੋਂ ਉਠਣਾ ਜਾਂ ਪਾਠ ਕਰਨ ਬੈਠਣਾ ਪਹਿਲਾਂ ਸਤਿਗੁਰੂ ਜੀ ਦੇ ਜਾ ਕੇ ਦਰਸ਼ਨ ਕਰਨੇ। ਜਦੋਂ ਮੈਂ ਉੱਠ ਕੇ ਪਾਠ ਤੋਂ ਦਰਸ਼ਨ ਕਰਨ ਗਿਆ ਤਾਂ ਅੱਗੋਂ ਸਤਿਗੁਰੂ ਜੀ, ਸੰਤ ਵੱਡੇ (ਆਲਾ ਸਿੰਘ ਜੀ), ਸੰਤ ਬਹਾਦਰ ਸਿੰਘ ਜੀ, ਭਾਈ ਵਜ਼ੀਰ ਸਿੰਘ ਜੀ ਨਹਿਰ ਦੇ ਕੰਢੇ-ਕੰਢੇ ਤੁਰੇ ਆਉਂਦੇ ਸਨ। ਮੈਂ ਜਾ ਕੇ ਚਰਨਾਂ 'ਤੇ ਮੱਥਾ ਟੇਕਿਆ। ਸਤਿਗੁਰਾਂ ਪੁੱਛਿਆ: ਕਿੰਨੇ ਪੱਤਰੇ ਪੜ੍ਹੇ ਨੇ ? ਮੈਂ ਕਿਹਾ: ਚਾਲੀ ਜੀ।ਮੈਨੂੰ ਥਾਪੜਾ ਦੇ ਕੇ ਕਹਿਣ ਲੱਗੇ: ਹੁਣ ਸਾਡਾ ਪਾਠੀ ਬਣ ਗਿਆ ਏਂ, ਚਿੰਤਾ ਦੀ ਲੋੜ ਨਹੀਂ। ਮੇਰਾ ਪਾਠੀ ਪੁਣਾ ਤੇ ਕਥਾ ਵਾਰਤਾ ਇਹ ਸਭ ਕੁਝ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰ ਨਾਲ ਹੋਇਆ ਹੋਇਆ ਹੈ।

ਮੈਨੂੰ ਇਹਨਾਂ ਗ੍ਰੰਥਾਂ ਦਾ ਪਤਾ ਵੀ ਨਹੀਂ ਸੀ, ਜੋ ਪੜ੍ਹਦਾ ਹਾਂ। ਸੰਤਾਂ ਪਾਸ ਕਥਾ ਕਰਨੀ, ਭਾਵਰਸਿੰਮ੍ਰਤ, ਜੈਮਨੀਅਸਮੇਧ ਆਦਿ ਗ੍ਰੰਥ ਜਿਹੜੇ ਮੇਰੇ ਪਿਉ ਦਾਦੇ ਵੀ ਨਹੀਂ ਸਨ ਪੜ੍ਹੇ ਹੋਏ।

ਸਤਿਗੁਰੂਆਂ ਦੀ ਸਤਿਗੁਰਾਂ ਨਾਲ ਤੁਲਨਾ ਨਹੀਂ ਹੋ ਸਕਦੀ। ਇਹ ਪ੍ਰੀਖਿਆ ਕੌਣ ਕਰੇ, ਪਰ ਮੇਰੇ ਮਨ ਵਿਚ ਜੋ ਹੈ ਸੋ ਇਹ ਹੈ ਕਿ ਮੈਨੂੰ ਉਹ ਪਿਛਲਿਆਂ ਨਾਲੋਂ ਬਹੁਤੇ ਹੀ ਚੰਗੇ ਲਗਦੇ ਸਨ। (ਸਿੱਖ ਗੁਰੂਆਂ ਦਾ ਇਤਿਹਾਸ ਤਾਂ ਮੈਂ ਕਈ ਵਾਰ ਵਾਚਿਆ ਹੈ) ਮੇਰੇ ਵਰਤਾਉ ਵਿਚ, ਪਿਛਲਿਆਂ ਨਾਲ ਮੇਰਾ ਵਰਤਾਉ ਤਾਂ ਨਹੀਂ ਸੀ ਨਾ, ਵਰਤਾਉ ਤਾਂ ਇਹਨਾਂ ਨਾਲ ਰਿਹੈ ਨਾ। ਏਨੀ ਉਹਨਾਂ ਬਖਸ਼ਸ਼ ਕੀਤੀ ਏ, ਏਨੀ ਕਿਰਪਾ ਕੀਤੀ ਏ ਕਿ ਪਿਛਲਿਆਂ ਸਾਰਿਆਂ ਨਾਲੋਂ ਬਹੁਤਾ ਉਹਨਾਂ ਨੂੰ ਜਾਣਦਾ ਹਾਂ, ਏਨੀ ਪ੍ਰਤੀਤ ਦਿਤੀ ਏ।

ਸਤਿਗੁਰੂ ਜੀ ਜਦੋਂ ਮਿਲਦੇ ਪਿਆਰ ਕਰਦੇ ਤੇ ਅਜਿਹੀਆਂ ਅੰਦਰਲੀਆਂ ਗੱਲਾਂ ਕਰਨੀਆਂ ਜੋ ਕਿਸੇ ਨਾਲ ਨਾ ਕਰਨੀਆਂ ਹੋਣ। ਗੁਪਤ ਬਚਨ ਵੀ ਕਰਨੇ ਪ੍ਰਗਟ ਵੀ ਕਰਨੇ। ਏਨੀ ਕਿਰਪਾ ਏਨੀ ਬਖਸ਼ਸ਼ ਉਹ ਕਰਦੇ ਕਿ ਮੈਨੂੰ ਉਹ ਸਭਨਾਂ ਨਾਲੋਂ ਵੱਡੇ ਤੇ ਪਿਆਰੇ ਲਗਦੇ ਸਨ।

**ਸਤਿਗੁਰੂ ਜਗਜੀਤ ਸਿੰਘ ਜੀ:**

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਰਗਾ ਸਮਝਦਾ ਹਾਂ, ਓਨਾ ਪਿਆਰ ਤੇ ਓਨਾ ਹੀ ਸਤਿਕਾਰ ਦਿੰਦੇ ਹਨ। ਤੇ ਏਥੋਂ ਤਕ ਕਿ ਮੇਰੇ ਭੁਲੇਖੇ ਕਢਣ ਵਾਸਤੇ ਕਈ ਬਚਨ ਕਰਦੇ ਹਨ।

ਕੋਈ ਮਾਈ ਬੀਬੀ ਆਂਹਦੀ ਏ ਸ਼ਬਦ ਲਿਖ ਦਿਓ, ਕਿਸੇ ਕਾਰਜ ਲਈ।ਮੈਂ ਇਕ ਦਿਨ ਇਕ ਸ਼ਬਦ ਲਿਖ ਕੇ ਦੇਣ ਲੱਗਾ। ਉਤੇ ਮੈਂ ਲਿਖਿਆ: ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ। ਏਨੇ ਅਖਰ ਲਿਖੇ। ਮੁੜਕੇ ਪੜ੍ਹੇ ਤਾਂ ਲਿਖਿਆ ਹੋਇਆ ਸੀ: ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਇਸ ਤਰ੍ਹਾਂ ਕਈ ਵਾਰ ਮੇਰੇ ਨਾਲ ਵਰਤਿਐ। ਮੈਂ ਸਮਝਦਾ ਹਾਂ ਉਹਨਾਂ (ਸਤਿਗੁਰੂ

ਪ੍ਰਤਾਪ ਸਿੰਘ ਜੀ) ਦੇ ਥਾਂ ਇਹਨਾਂ ਹੀ ਕਿਰਪਾ ਕੀਤੀ ਹੈ। ਸੰਤ ਆਲਾ ਸਿੰਘ ਜੀ ਦੇ ਥਾਂ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਂ ਵੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਸ਼ ਤੇ ਸਨੇਹ ਦਾ ਜ਼ਿਕਰ ਕਰਦਿਆਂ ਸੰਤ ਫਰੀਦ ਜੀ ਦਾ ਗੱਚ ਭਰ ਆਇਆ। ਅੱਖੀਆਂ 'ਚੋਂ ਪਾਣੀ ਜਾਣ ਲਗ ਪਿਆ ਤੇ ਚਿਹਰੇ ਉਤੇ ਵੈਰਾਗ ਦੇ ਚਿੰਨ੍ਹ ਉਭਰ ਆਏ। ਬੁੱਲ੍ਹ ਬਿਨਾਂ ਕੁਝ ਕਹਿਣ ਤੋਂ ਫਰਕਣ ਲਗ ਪਏ। ਏਨਾ ਸਮਾਂ ਮੈਂ ਹੀ ਏਧਰਲੇ ਉਧਰਲੇ ਵਿਚਾਰ ਪਰਗਟ ਕਰਦਾ ਰਿਹਾ।

ਪੰਜ ਸੱਤ ਮਿੰਟ ਇੰਜ ਹੀ ਬੀਤ ਗਏ। ਫਿਰ ਮੈਂ ਸੰਤ ਆਲਾ ਸਿੰਘ ਜੀ ਤੇ ਉਹਨਾਂ ਦੇ ਸੰਤ ਨਗਰ ਆਉਣ ਬਾਰੇ ਪੁੱਛਿਆ। ਫਰੀਦ ਜੀ ਨੇ ਦੱਸਿਆ:

**ਉਜਾੜਾ-ਵਸੇਵਾ:**

ਦੇਸ ਵਿਚੋਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤਾਂ (ਆਲਾ ਸਿੰਘ) ਨੂੰ ਹੁਕਮ ਕੀਤਾ ਸੀ ਪਾਕਿਸਤਾਨ ਬਣਨ ਤੋਂ ਤੁਸੀਂ ਪਹਿਲਾਂ ਹੀ ਚਲੇ ਜਾਓ, ਦੇਸ ਛੱਡ ਦਿਓ। ਬਹੁਤ ਰੌਲਾ ਪੈਣਾ ਏਂ, ਬੜਾ ਕੁਝ ਹੋਣਾ ਏ। ਏਨਾ ਕੁਝ ਹੋਣਾ ਏ ਕਿ ਤੁਸਾਂ ਜਰ ਨਹੀਂ ਸਕਣਾ। ਸੰਤਾਂ ਨੇ ਆਖਿਆ: ਸਤਿ ਬਚਨ। ਸਤਿ ਬਚਨ ਕਹਿ ਕੇ ਸੰਮਤ 1997 ਬਿ: 1940 ਈ. ਵਿਚ, ਹਾੜ੍ਹ ਦੇ ਮਹੀਨੇ ਅਸੀਂ ਉਥੋਂ (ਵਰਨ, ਜ਼ਿਲ੍ਹਾ ਸ਼ੇਖੂਪੁਰਾ ਤੋਂ) ਆ ਗਏ। ਸਤਿਗੁਰਾਂ ਦਾ ਬਚਨ ਸੰਤਾਂ ਮੰਨ ਲਿਆ। ਸੰਤ ਤੁਰ ਪਏ, ਨਾਲ ਮੈਂ ਵੀ ਸਾਂ, ਭੈਣ ਸਾਹਿਬ ਕੌਰ ਵੀ ਸਣੇ ਪਰਵਾਰ ਨਾਲ ਤੁਰ ਪਈ ਚੂਹੜਕਾਣਿਓਂ। ਹਰਨਾਮ ਸਿੰਘ ਹੁਰੀਂ ਸੀ ਲੱਧੇ ਤਰੱਗਿਉਂ ਨਾਲ ਉਹ ਵੀ ਤੇ ਹੋਰ ਵੀ ਜਿਨ੍ਹਾਂ ਜਿੰਨ੍ਹਾਂ ਸਰੀਰਾਂ ਬਚਨ ਮੰਨਿਆ; ਭੂਆ ਈਸ਼ਰ ਕੌਰ ਫਿਲੇਕਿਆਂ ਵਾਲੀ ਉਹ ਵੀ ਸਾਡੇ ਨਾਲ। ਅਸੀਂ ਨੌਂ ਸਰੀਰ ਸਾਂ ਜਦੋਂ ਚੂੜ੍ਹਕਾਣਿਓਂ ਤੁਰੇ। ਭੈਣ ਸਾਹਿਬ ਕੌਰ ਦਾ ਨਗਰ ਚੂੜਕਾਣਾ ਮੰਡੀ ਜ਼ਿਲ੍ਹਾ ਸ਼ੇਖੂਪੁਰਾ। ਉਥੋਂ ਤੁਰੇ ਤਾਂ ਸ਼ੇਖੂਪੁਰੇ ਆ ਗਏ। ਗੱਡੀ (ਰੇਲ) ਚੜ੍ਹੇ। ਸਾਮਾਨ ਸਾਡੇ ਪਾਸ ਬੜਾ ਸੀ। ਚੱਕੀਆਂ ਆਦਿਕ ਵੀ ਨਾਲ ਲੈ ਆਏ ਸਾਂ। ਛੱਡਣ ਵਾਲਾ ਛੱਡਿਆ ਬਾਕੀ ਸਭ ਲੈ ਆਏ ਸਾਂ।

ਓਥੋਂ ਜਦੋਂ ਆਏ ਲਾਹੌਰ। ਸਾਮਾਨ ਲਾਹਿਆ ਤਾਂ ਕਰਮਚਾਰੀ ਕਹਿਣ ਲਗੇ ਸਾਮਾਨ ਬਹੁਤਾ ਏ, ਤੁਹਾਡੀਆਂ ਟਿਕਟਾਂ ਕਿੱਥੇ ਨੇ ? ਟਿਕਟਾਂ ਵਿਖਾਈਆਂ। ਸਾਮਾਨ ਦੋ ਥਾਈਂ ਪਿਆ ਹੋਇਆ ਸੀ। ਉਹ ਕਹਿਣ ਲਗੇ ਸਾਮਾਨ ਚੋਖਾ ਏ। ਮੈਂ ਕਿਹਾ: ਤੁਹਾਡਾ ਕਾਨੂੰਨ ਮੰਜੇ ਤੇ ਬਿਸਤਰੇ ਤੋਂ ਬਿਨਾਂ 25 ਸੇਰ ਸਾਮਾਨ ਲੈ ਜਾਣ ਦਾ ਏ। ਅਸੀਂ ਨੌਂ ਸਰੀਰ ਹਾਂ, ਸਾਡੇ ਹਿੱਸੇ ਆਉਂਦਾ ਸਾਮਾਨ ਤੋਲ ਕੇ ਜੋ ਵਾਧੂ ਏ, ਉਸਦਾ ਮੁੱਲ ਲੈ ਲਓ। ਉਹਨਾਂ ਸਾਮਾਨ ਛੱਡ ਦਿਤਾ। ਇਹ ਸਤਿਗੁਰੂ ਦੀ ਕਿਰਪਾ ਹੀ ਸੀ ਕਿ ਇਕੋ ਥਾਂ ਦੇ ਵੇਖੇ ਸਾਮਾਨ ਤੇ ਹੀ ਗੱਲ ਮੁਕ ਗਈ। ਸੰਤਾਂ ਨੇ ਉਹ ਸਾਮਾਨ ਗੱਡੀ ਵਿਚ ਧਰ ਲਿਆ ਸੀ।

**ਧੰਨ ਗੁਰੂ ਨਾਨਕ:**

ਏਥੋਂ ਫ਼ੀਰੋਜ਼ਪੁਰ ਜਾ ਕੇ ਫਿਰ ਗੱਡੀ ਬਦਲਣੀ ਸੀ। ਏਥੋਂ ਬਦਲਕੇ ਮੁਕਲੋਡ ਗੰਜ ਰਿਆਸਤ ਬਹਾਵਲਪੁਰ ਦੀ ਗੱਡੀ ਲੈਣੀ ਸੀ। ਉਥੇ ਸਾਡੇ ਸੰਬੰਧੀ ਅੱਗੇ ਗਏ ਹੋਏ ਸਨ, ਉਹਨਾਂ ਕੋਲ ਜਾਣਾ ਸੀ। ਸਾਮਾਨ ਸਾਡੇ ਪਾਸ ਜ਼ਰੂਰ ਚੋਖਾ ਸੀ। ਉਸ ਗੱਡੀ ਦੇ ਗਾਰਡ ਨੇ ਸਾਨੂੰ ਆਖਿਆ ਤੁਸਾਂ ਕਿੱਧਰ ਜਾਣਾ ਹੈ ? ਜਦੋਂ ਅਸਾਂ ਮਕਲੋਡ ਗੰਜ ਬਾਰੇ ਦੱਸਿਆ, ਉਸ ਆਖਿਆ: ਧਰੋ ਸਾਮਾਨ ਗੱਡੀ ਵਿਚ। ਤੇ ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਕਹਿੰਦਾ ਸਾਨੂੰ ਸਾਮਾਨ ਧਰਨ ਨੂੰ ਕਹਿ ਅੱਗੇ ਲੰਘ ਗਿਆ। ਸਿੱਖ ਸੀ। ਉਸ ਦਾ ਆਮ ਬੋਲਾ ਧੰਨ ਗੁਰੂ ਨਾਨਕ ਹੀ ਸੀ। ਉਸ ਨੇ ਸਮਾਨ ਦੇ ਘਾਟੇ ਵਾਧੇ ਬਾਰੇ ਕੁਝ ਨਹੀਂ ਕਿਹਾ।

ਜਦੋਂ ਅਸੀਂ ਓਥੇ ਜਾ ਕੇ ਉਤਰਨ ਲੱਗੇ, ਮਕਲੋਡ ਗੰਜ, ਗਾਰਡ ਆਖਣ ਲੱਗਾ: ਤੁਸੀਂ ਸਾਮਾਨ ਬਾਹਰ ਨਾ ਕੱਢਿਓ। ਮੈਂ ਏਥੇ ਹੀ ਰਹਿਣਾ ਏ, ਅੱਗੇ ਨਹੀਂ ਜਾਣਾ। ਤੁਸੀਂ ਸਾਮਾਨ ਅੰਦਰੇ ਪਿਆ ਰਹਿਣ ਦਿਓ, ਮੈਂ ਆਪੇ ਬਾਹਰ ਕਢਾ ਲਵਾਂਗਾ। ਫਿਰ ਉਸ ਨੇ ਆਪ ਸਾਡਾ ਸਾਮਾਨ ਚੁੱਕ ਚੁੱਕ ਕੇ ਬਾਹਰ ਕਢਵਾਇਆ, ਕਿਸੇ ਪੁੱਛਿਆ ਹੀ ਨਹੀਂ। ਬਾਹਰ ਸਾਮਾਨ ਧਰਵਾ ਕੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਕਹਿਣ ਲੱਗਾ: ਹੁਣ ਤੁਸਾਂ ਜਲ ਪਾਣੀ ਛਕਣਾ ਏ ਤਾਂ ਡੋਲ ਮੇਰੇ ਪਾਸੋਂ ਲਓ, ਅਹੁ ਖੂਹ ਜੇ। ਓਥੋਂ ਜਲ ਪਾਣੀ ਛਕਿਆ।

**ਇੰਦਰ ਸਿੰਘ ਭੇਡਵਾਲੀ:**

ਇੰਦਰ ਸਿੰਘ ਭੇਡਵਾਲੀ ਦਾ ਇਥੇ (ਮਕਲੋਡ ਗੰਜ ਪਾਸ) ਰਹਿੰਦਾ ਸੀ। ਇਕ ਦੋ ਹੋਰ ਨਾਮਧਾਰੀ ਵੀ ਸਨ। ਸਾਨੂੰ ਦੱਸਿਆ ਗਿਆ ਕਿ ਅਸੀਂ ਉਸਦੇ ਪਾਸ ਚਲੇ ਜਾਈਏ। ਸੰਤ (ਆਲਾ ਸਿੰਘ ਜੀ) ਇੰਦਰ ਸਿੰਘ ਦੇ ਪਾਸ ਗਏ। ਉਹਨਾਂ ਜਾ ਕੇ

ਗੱਡਾ ਲਿਆਂਦਾ। ਸਾਮਾਨ ਵਿਚ ਧਰ ਕੇ ਅਸੀਂ ਭੇਡਵਾਲੀ ਇੰਦਰ ਸਿੰਘ ਕੋਲ ਜਾ ਕੇ ਰਾਤ ਰਹੇ ਇਹ ਰਿਆਸਤ ਬੀਕਾਨੇਰ ਸੀ ਤੇ ਜਾਣਾ ਅਸੀਂ ਸਵੇਲੇ ਰਿਆਸਤ ਬਹਾਵਲਪੁਰ ਵਿਚ ਸੀ। ਰਸਤੇ ਵਿਚ ਬਾਰਡਰ ਬਣਿਆ ਹੋਇਆ ਸੀ। ਸਾਮਾਨ ਕਿਥੋਂ ਲਿਆਂਦਾ ਕਿੱਥੇ ਜਾਣਾ ਹੈ, ਆਦਿ ਪੁੱਛ ਗਿੱਛ ਹੁੰਦੀ ਸੀ। ਬਿਨਾਂ ਡਿਊਟੀ ਤੋਂ ਅੱਗੇ ਨਹੀਂ ਸਨ ਜਾਣ ਦਿੰਦੇ।

ਓਥੇ ਮਹਾਰਾਜ ਨੇ ਇਕ ਤਰ੍ਹਾਂ ਰਛਿਆ ਕੀਤੀ। ਇੰਦਰ ਸਿੰਘ ਹੁਰੀਂ ਕਹਿਣ ਲੱਗੇ: ਰਾਤ ਰਹੋ, ਅੰਨ ਪਾਣੀ ਛਕੋ, ਦਿਨੇ ਮੈਂ ਤੁਹਾਨੂੰ ਛੱਡ ਆਵਾਂਗਾ । ਰਸਤੇ ਵਿਚ ਇਕ ਪਿੰਡ ਸੀ ਘੁੱਦਾਂ। ਘੁੱਦਾਂ ਦਾ ਇਕ ਸਾਧ ਸੀ ਉਹ ਵੀ ਨਾਮਧਾਰੀ ਸੀ। ਉਹ ਏਨਾ ਮੰਨਿਆ ਪਰਮੰਨਿਆ ਸੀ ਕਿ ਉਸਦੇ ਸਾਹਮਣੇ ਕੋਈ ਨਹੀਂ ਸੀ ਆ ਸਕਦਾ। ਮਤਲਬ ਕੋਈ ਸਰਕਾਰੀ ਆਦਮੀ ਵੀ ਉਸਦੇ ਨਾਲ ਟਾਕਰਾ ਨਹੀਂ ਸੀ ਲੈ ਸਕਦਾ। ਇੰਦਰ ਸਿੰਘ ਹੁਰੀਂ ਕਹਿਣ ਲੱਗੇ ਤੁਹਾਨੂੰ ਉਹਨਾਂ ਕੋਲ ਲੈ ਚਲਦੇ ਹਾਂ, ਉਹ ਲੰਘਾ ਦੇਣਗੇ, ਕੋਈ ਫ਼ਿਕਰ ਵਾਲੀ ਗੱਲ ਨਹੀਂ। ਅਸੀਂ ਉਹਦੇ ਕੋਲ ਆ ਗਏ। ਉਸਨੇ ਕਿਹਾ ਮੈਂ ਤੁਹਾਨੂੰ ਬਾਰਡਰ (ਪੁਲ ਤੋਂ ਪਾਰ) ਲੰਘਾ ਦਿਆਂਗਾ, ਫ਼ਿਕਰ ਨਾ ਕਰੋ। ਓਥੇ ਸਿਪਾਹੀ ਖਲੋਤੇ ਹੁੰਦੇ ਨੇ, ਕੋਈ ਕੁਝ ਨਹੀਂ ਆਖਦਾ। ਸਾਡੇ ਜਾਣ ਤਕ ਓਥੇ ਸਿਪਾਹੀ ਵੀ ਕੋਈ ਨਹੀਂ ਸੀ। ਅਸੀਂ ਸੁਖੀ ਸਾਂਦੀ ਲੰਘ ਗਏ।

**ਦਰਸ਼ਨ ਸਤਿਗੁਰਾਂ ਦੇ**

ਓਥੇ ਚੱਕ 9 ਐੱਚ ਸੀ। ਕੁਝ ਦਿਨ ਉਥੇ ਰਹੇ। ਸੰਤਾਂ ਦਾ ਭਤੀਜਾ ਸ਼ੇਰ ਸਿੰਘ ਇੱਥੇ ਸੀ, ਕੁਝਰਾਂ ਵਾਲੇ ਤੇ ਘਰਜਾਖੀਏ ਸਿੰਘ ਵੀ ਕੁਝ ਏਥੇ ਸਨ। ਏਨਾ ਪਾਸ ਰਹੇ। ਮਾਤਾ ਜੀਊਣ ਕੌਰ ਜੀ ਉਹਨੀਂ ਦਿਨੀਂ ਨੌਹਰ ਹੁੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਉਨ੍ਹਾਂ ਨੂੰ ਦਰਸ਼ਨ ਦੇਣ ਜਾਣਾ ਸੀ। ਉਹ ਏਥੇ ਸਾਡੇ ਪਾਸ ਆਏ। ਸਤਿਗੁਰਾਂ ਦਰਸ਼ਨ ਦੇਕੇ ਆਖਿਆ: ਤੁਹਾਨੂੰ ਹੋਰ ਕਿਸੇ ਥਾਂ ਰਹਿਣ ਵਾਸਤੇ ਨਹੀਂ ਭੇਜਿਆ। ਤੁਸਾਂ ਟਿਬੀ ਰਹਿਣਾ ਏ। ਏਥੇ ਆਪਣਾ ਨਗਰ ਆਪ ਵਸਾਣਾ ਏਂ। ਖੂਹ ਆਪ ਲਾਣਾ ਏ। ਇਹ ਸੰਮਤ 1997 ਦੀ ਗੱਲ ਏ।

ਫਿਰ ਅਸੀਂ 9 ਐਚ ਵਿਚੋਂ ਸਾਮਾਨ ਲੈ ਆਏ। ਸਤਿਗੁਰਾਂ ਆਖਿਆ ਸੀ: ਆਪਣੀ ਜ਼ਮੀਨ ਲੈ ਕੇ ਉਸ ਵਿਚ ਡੇਰਾ ਲਾਓ, ਪਿੰਡ ਵਿਚ ਨਹੀਂ ਡੇਰਾ ਲਾਉਣ ਦੇਣਾ। ਫੇਰ ਅੱਠ ਵਿੱਘੇ ਜ਼ਮੀਨ ਲੈ ਕੇ ਪਿੰਡ ਵਸਾਣ ਦਾ ਆਰੰਭ ਕਰ ਦਿਤਾ। ਸਤਿਗੁਰੂ ਸੱਚੇ ਪਾਤਸ਼ਾਹ ਜਦੋਂ ਦੇਸ ਜਾਂਦੇ ਸਨ, ਆਖੇ ਲੱਗਣ ਵਾਲਿਆਂ ਨੂੰ ਕਹਿੰਦੇ ਸਨ ਕਿ ਸੰਤਾਂ ਪਾਸ ਚਲੇ ਜਾਓ ਤੇ ਖਾਣ ਪੀਣ ਦਾ ਵਸੀਲਾ ਬਣਾ ਕੇ ਉਥੇ ਰਹੋ। ਥੋੜ੍ਹੇ ਸਰੀਰ ਸਾਡੇ ਪਾਸ ਆ ਵੀ ਗਏ ਕੁਝ ਮਾਲਵੇ ਦੇ, ਕੁਝ ਮਾਝੇ ਦੇ ਪਾਕਿਸਤਾਨ ਬਣ ਗਿਆ ਤਾਂ ਬਹੁਤ ਸਾਰੇ ਆ ਗਏ। ਉਸ ਨਗਰ ਦਾ ਨਾਂ ਹਾਲੀ ਢਾਣੀ ਹੀ ਰੱਖਿਆ ਹੋਇਆ ਸੀ।ਖੂਹ ਵੀ ਲਾਇਆ, ਹਲਟ ਵੀ ਪਾਇਆ, ਹੁਕਮ ਅਨੁਸਾਰ ਸਾਰੇ ਕੰਮ ਕੀਤੇ। ਪੰਜ ਸਾਲ ਅਸੀਂ ਏਥੇ ਹੀ ਰਹੇ।

**ਸੰਤ ਨਗਰ ਨੂੰ:**

ਫਿਰ ਸਤਿਗੁਰਾਂ ਨੂੰ ਨਾਲ ਲਿਆ ਕੇ ਜੀਵਨ ਨਗਰ ਦੇ ਇਲਾਕੇ ਦੀ ਸਾਰੀ ਜ਼ਮੀਨ ਵਿਖਾਈ ਤੇ ਸਲਾਹ ਕੀਤੀ ਕਿ ਇਹ ਚੰਗੀ ਹੈ ਤੇ ਖਰੀਦ ਲਈਏ। ਸੰਤਾਂ ਨੇ ਆਖਿਆ: ਇਹ ਜ਼ਮੀਨ ਐਸੀ ਏ ਕਿ ਕੱਲੇ-ਕੱਲੇ ਸਿੱਖ ਏਥੇ ਹੋਲਾ ਪਏ ਕਰਨਗੇ। ਅਜੇ ਤਾਂ ਇਹ ਜ਼ਮੀਨ ਬਹੁਤ ਸਸਤੀ ਏ। ਮੈਨੂੰ ਵੀ ਸਤਿਗੁਰੂ ਜੀ ਨੇ ਉਦੋਂ ਜੀਪ ਤੇ ਨਾਲ ਲਿਆਂਦਾ ਸੀ। ਏਥੇ ਸਭ ਪਾਸੇ ਜੰਗਲ ਸੀ, ਆਹ ਪਿੰਡ ਕਿੱਥੇ ਸਨ, ਓਦੋਂ ਇਸ ਸਾਰੀ ਜ਼ਮੀਨ ਦੀ ਕੀਮਤ 25 ਲੱਖ ਰੁਪਏ ਪਾਈ ਸੀ।

ਜਦੋਂ ਸਤਿਗੁਰਾਂ ਨੇ ਇਹ ਥਾਂ ਖਰੀਦ ਲਿਆ, ਕਬਜ਼ਾ ਲੈ ਲਿਆ, ਫੇਰ ਅਸੀਂ ਟਿੱਬੀ ਤੋਂ ਏਥੇ ਆਏ। ਸਤਿਗੁਰਾਂ ਸਾਡਾ ਏਥੇ ਹੀ ਡੇਰਾ ਲੁਆਇਆ। ਆਹ ਜੁ ਚਾਰ ਪੰਜ ਮਕਾਨ ਹਨ, ਇਹ ਵੀ ਸਤਿਗੁਰਾਂ ਆਪ ਸੰਤਾਂ ਨੂੰ ਦਿਤੇ। ਸੰਤਾਂ ਨੂੰ ਪਿੱਛੋਂ ਜ਼ਮੀਨ ਆਈ ਸੀ ਸਾਢੇ ਛੇ ਕਿੱਲੇ। ਸਾਡੇ ਛੇ ਕਿੱਲੇ ਖੂਹ ਵਾਲੀ ਸਤਿਗੁਰਾਂ ਨੇ ਦਿੱਤੀ ਸੀ। ਸੰਤਾਂ ਨੇ ਸਤਿਗੁਰਾਂ ਨੂੰ ਅਰਜ਼ ਕੀਤੀ ਏ ਇਹ ਜਿੰਨਾ ਚਿਰ ਸਾਡਾ ਸਰੀਰ ਏ, ਅਸੀਂ ਵਾਹਵਾਂ, ਖਾਵਾਂਗੇ ਤੇ ਫਿਰ ਬਾਕੀ ਸਭ ਕੁਝ ਤੁਹਾਡਾ, ਘਰ ਬਾਰ ਵੀ। ਹੋਰ ਜੋ ਚੰਗੀ ਚੀਜ਼ ਆਉਣ ਗਊ, ਮੱਝ, ਉਹ ਕਦੇ ਉਹਨਾਂ ਏਧਰ ਭੇਜ ਦੇਣੀ ਕਦੇ ਇਹਨਾਂ ਉਧਰ ਭੇਜ ਦੇਣੀ। ਏਸ ਤਰ੍ਹਾਂ ਵਰਤਾਉ ਹੁੰਦਾ ਰਹਿੰਦਾ ਸੀ।

ਸੰਤਾਂ ਸਰੀਰ ਛੱਡਣ ਤੋਂ ਪਹਿਲੋਂ ਆਖਿਆ: ਮੇਰਾ ਕੀ ਪਤਾ ਮੈਂ ਰਹਿਣੈ ਕਿ ਨਹੀਂ, ਮੇਰਾ ਜੀਅ ਕਰਦਾ ਮੈਂ ਸਾਰੀ ਜ਼ਮੀਨ ਤੇਰੇ ਨਾਂ ਲੁਆ ਛੱਡਾਂ।

ਚਲਦਾ...

# The immortal sacrifices of the “chaarsahibzaade”

**Inderjeet S Bhatia**

The history of humanity is marked by countless stories of courage, but few episodes shine as luminously as the sacrifices of the four sons of the tenth Sikh Guru, Sri Guru Gobind Singh Ji. Reverently remembered as the “Chaar Sahibzaade”, Baba Ajit Singh Ji, Baba Jujhar Singh Ji, and the younger Sahibzaade, “Baba Zorawar Singh Ji” and “Baba Fateh Singh Ji,” occupy a unique place in the annals of moral courage, youthful heroism, and unwavering faith. Their martyrdom is not merely a Sikh narrative; it is a universal chronicle of standing for righteousness even in the face of impossible odds.

**A Legacy Rooted In Spiritual Resolve**

Guru Gobind Singh Ji envisioned a human society based on equality, justice, and fearlessness. In 1699, when he created the Khalsa, he gave the world an order of saint-soldiers who would protect the oppressed and stand firmly against tyranny. His four sons-raised in this atmosphere of discipline, devotion, and valour-imbibed the principles of the Khalsa from their earliest years. Their upbringing was not marked by privilege, but by responsibility. From childhood, they trained in martial arts, studied scriptures, and cultivated spiritual strength. Their sacrifices would become the foundation stones of Sikh identity, inspiring generations to choose moral courage over compromise.

**The Martyrdom Of Elder Sahibzaade**

The turn of the 18th century was a time of intense persecution for the Sikhs. Mughal forces, in alliance with hill chieftains, sought to eliminate the growing influence of Guru Gobind Singh Ji. In December 1704 (or 1705 by some historical accounts).When Guru Gobind Singh Ji along with a small band of Sikhs found themselves besieged in the fortress of Chamkaur, here, the two elder Sahibzaade-Baba Ajit Singh Ji, around 18 years of age , and Baba Jujhar Singh Ji, around 14 -etched their names permanently into history.As the Mughal army, numbering in the tens of thousands, closed in on December 22nd of 1704, Guru Gobind Singh Ji's sons volunteered to face them, upholding the Khalsa code of defending righteousness. Baba Ajit Singh Ji was the first to step forward. With his father's permission and blessings, he led a small contingent of Sikhs into battle, displaying remarkable bravery and strategic skill. Though heavily outnumbered, Baba Ajit Singh Ji fought valiantly until he achieved martyrdom. Moments later, Baba Jujhar Singh Ji, still in the early years of adolescence, asked for permission to follow his elder brother's path. Guru Gobind Singh Ji, though a father, remained a spiritual guide first. With a steady heart, he blessed his young son. Baba Jujhar Singh Ji led another small group of Sikhs into the battlefield, fighting with astonishing courage. Eyewitnesses described him as

resembling a seasoned warrior, despite his youth. He, too, attained martyrdom at Chamkaur, refusing to retreat or surrender. Their sacrifices on 22nd of December, 1704, were not only heroic but symbolic: the message was clear-age is no barrier to courage, and righteousness demands both faith and action.

**Innocence confronts tyranny**

After being separated, Mata Gujri Ji and the two younger Sahibzaade came under the care of Gangu, an old servant of the Guru's household. Pretending to help them, Gangu took them to his home in village Kheri. But driven by greed for wealth he imagined they carried, he betrayed them. Gangu informed the authorities of SIRHIND, hoping for a reward.

Soon, officials of the Suba of Sirhind arrived and arrested Mata Gujri Ji and the two young Sahibzaade on 23rd of December. They were taken to the Fort of Sirhind, placed under the custody of the cruel Nawab Wazir Khan.

The old grandmother of Chhotte Sahibzaade, Mata Gujri Ji, too was held captive and they all were made to spend nights in the freezing cold "Thanda Burz" of Sirhind, in the month of December. Though this "Thanda Burz" was used as a summer retreat by officials of Nawab, it was extremely uncomfortable in the freezing winters of December especially for elderly Mata Gujri Ji and the two younger sons of Guru Gobind Singh Ji.

This episode stands as one of the most profound sacrifices in Sikh history, symbolizing unshakable faith, courage, and commitment to righteousness-even by children.

Now ,when the elder Sahibzaade fought on the battlefield of Chamkaur sahib and attained martyrdom, the Mughal governor, Wazir Khan of Sirhind attempted to force "Chhotte Sahibzaade" to renounce their faith and embrace Islam.

What unfolded at Sirhind remains one of the most poignant episodes in world history. The young boys, firm in their spiritual convictions, refused every threat and every inducement. They were told they would be granted royal comforts, authority, and safety if they abandoned the path of the Khalsa. Instead, they responded with calm dignity, declaring that they would never forsake the teachings of their father or the principles of Sikhism.

According to Historians, the two younger Sahibzaade were brought to the court of Wazir Khan for the 1st time on 24th December 1704 .They were offered a safe and comfortable life if they agreed to convert to Islam. However, both the princes refused the offer calmly showing no fear. Atthis, a courtier, Suchanand abused them and asked Nawab Wazir Khan to show no mercy saying that the children of a snake are always venomous.

Both the young princes were again brought to the court on 25th of December 1704, The various methods adopted by the men of NAWAB to pressure Chhotte Sahibzaade to convert failed as nothing could shake the determination and faith of the Chhotte Sahibzaade.

A furious and enraged Wazir Khan ordered their execution by bricking them alive in a wall on the very next day. At this, Nawab of Malerkotla, who was present in the court opposed this cruel punishment by Wazir Khan but in vain.

It was the saddest part of the Indian history on December 26th, 1704 when the two younger sons of Sri Guru Gobind Singh Ji were bricked alive in Sirhind on the orders of **Mughal Nawab Wazir Khan.**

As the wall slowly rose around them, the children remained steady, reciting Gurbaani and Prayers. The cruelty reached its end when the wall collapsed, unable to stand structurally on and the princes ,who were still alive but unconscious, were executed thereafter

Their grandmother, Mata Gujri Ji, hearing of their fate while held in freezing custody at " Thanda Burz", too left this world shortly thereafter.

Thus, the youngest martyrs, the "ChhotteSahibzaade" ever recorded in world history shed their blood not on a battlefield but in a court of tyranny, demonstrating that spiritual resolve can be mightier than physical force.

**The Sacrifices That Transcends Time**

The martyrdom of the "Chaar Sahibzaade" is not a mere historical event. It is a defining moment in the narrative of human rights, resistance to oppression, and the triumph of conscience. Their sacrifices strengthened the Sikh struggle for justice and ensured that the flame of the Khalsa ideology would burn brightly through the centuries.

Guru Gobind Singh Ji, despite enduring personal loss, remained steadfast. His response reflected unparalleled spiritual strength. He declared:

**"IN PUTTRAN KE SEES PAR,**
**VAAR DIYYE SUTT CHAAR,**
**CHAAR MUYEE TO KYA HUA,**
**JEEVAT KAI HAZAAR!"**

(I have sacrificed my four sons. So what if my four sons are dead, the thousands of Khalsa are alive and are my sons )

With this, he transformed personal tragedy into collective purpose.

Gurudwara Fatehgarh Sahib Ji stands at the site of martyrdom of Chhotte Sahibzaade, whereas Gurudwara Jyoti Sarup ji marks the place where funeral of these princes were performed by Dewan Todar Mal ji, a wealthy trader of Sirhind who sacrificed his all material possessions and wealth just to acquire a small piece of land from Wazir Khan, required for the funeral of Chhotte Sahibzaade in Sirhind.

**A Message For Modern Times**

Today, in a world confronted by injustice, intolerance, and moral dilemmas, the story of the Chaar Sahibzaade offers a guiding light. Their lives remind us that:

Courage is not defined by age, size, or circumstance.

Standing for truth requires sacrifice- but sacrifice gives birth to transformation.

Faith and conviction, when pure, cannot be coerced.

**Continue on Page no. 36**

# MURDER OF BEEF BUTCHERS BY KUKAS

**Edited by: Dr. Gurdev Singh Sidhu**
9417049417



The sentence was annulled in appeal under the direction of Mr. Cust, the then Judicial Commissioner.

**5. Ruling by Judicial Commissioner that sale of beef in city cannot be forbidden, but Magistrate can proceed under Section 62, Act XXV. of 1861.**

The Judicial Commissioner followed this up by an order of his Court on the revision side, No. 128, Criminal case, certified by Major Farrington, Sessions Judge of Amritsar Division, of 29th June 1863. This paper would be found among the records of the Chief Court. It pointed out that Section 291 was wholly inapplicable to the case as tried; but showed how an offence of the kind could be dealt with under Section 62 of the Criminal Procedure Code and be punished under Section 188 of the Penal Code. The Judicial Commissioner goes on to say: "It may be convenient, therefore, to rule, once for all, that the sale of beef has not been forbidden in the city of Amritsar, nor under the existing Criminal Law can it be forbidden. If the Magistrate considers that the sale of beef or the exposure of beef for sale at any particular place, say a place of Hindu worship, is likely to cause a riot or affray, he may, under Section 62 of the Procedure Code, issue the order forbidding the sale," &c. But Judicial Commissioner goes on to show that the application of this procedure can only be local and temporary.

6. **Cause of the dissatisfaction and the result.**

This ruling was acquiesced in by the Hindus, and would not seem to have been much abused by the Muhammadans, as, eight years after, when difficulty arose, there appears to have been only a rumour of one shop having been established. But the Court imagines that the hawking or conveying about of meat for sale in baskets had been very freely, and perhaps carelessly, adopted by the Muhammadans, no proper precautions having been taken to screen the meat from public gaze. This and the great increase of kine slaughtering which accidental circumstances had led to, had gradually caused dissatisfaction to the Ilindus; and this evidently resulted in open acts expressive of their distress and annoyance.

7. **One Dewa Singh lays a beef-bone before the Granth in the Darbar Temple.**

The most remarkable act with this object was that of one Dewa Singh, who took a beef-bone into the Darbar Temple, and laid it down before the Granth. The Commissioner, Major Davies, in his letter No. 150 of 21st June 1871, writes of this mischievous act :—"This had effect at once of setting in a blaze the feelings which had for some time been quietly smouldering, and from that time crowds of Sikhs and Hindus began to assemble. An agitation was set on foot having for its object the complete suppression of kine-killing in or about the holy city, and several affrays took place on the slightest pretexts between the Hindus and Muhammadans of the city."

8. **The butchers are threatened by an Akali.The policy adopted by Major Birch**.

Major Birch, Deputy Commissioner, reported, in his letter No. 344 of 8th May 1871, that on the 3rd of April 1871, Mr. Macdonald, Inspector of Meat Markets, reported that an Akali had threatened the butchers, who were in great commotion. The rest of this letter of the Deputy Commissioner is worthy of perusal, as it shows the strongly agitated feeling that existed. He says in one place: "I have taken my stand strongly, amidst conflicting interests, on the following two points -1st, that beef shall be slaughtered and sold as before, i. e., slaughtered outside the city and sold within, but cloaked; 2nd, that the innovations complained of, such as the establishment of shops and the exposed sale of meat, shall be prohibited pending the orders of Government."

The Court notes with regard to this that it has been unable to ascertain from the correspondence whether any shops existed, but it believes there were none.

9. **Further disturbances occur and 22 Hindu rioters are tried.**

In another place Major Birch notes:-"It was necessary to re-assure the butchers who had not killed beef for three days." A second letter of the 15th of May, from the same Officer to the Commissioner (Major Davies), reports further disturbance, on account of which it became necessary to put 22 Hindu rioters on their trial.

**Dewa Singh punished.**

Dewa Singh, the man who took the beef-bone into the Darbar Temple, was sentenced to three years' imprisonment.

**10. Major Davies, Officiating Commissioner, addresses Municipal body, and is subsequently assured that the excitement is dying out.**

Towards the end of May the excitement appeared to have quieted down considerably. Major Davies, the Commissioner had arrived on the 20th, and on the 22nd attended a meeting of the Municipal body, and addressed them, explaining the whole of the orders of Government in the matter of the slaughter of kine from the beginning. He considered the tone of this meeting good, and he writes that he "subsequently received daily visits from the native officials and leading gentry of the place, Musalman and Hindu, and all assured me that the feeling of excitement

was rapidly dying out." He goes on, however, to say that on the 30th May he became aware "by certain signs that the remnants of the feeling of antagonism, which had been excited by the recent disturbances between the Hindus and Muhammadans of the city, still lingered." He then describes the Hindus not, as had always been the custom, making use of the vessels prepared by the Muhammadan potters for them on a particular festival, and the brass workers refusing to buy old brass vessels from the Musalmans, on the ground that they might have cooked the flesh of kine in them.

**Major Davies, in consequence of certain**

Major Davies made further endeavours to allay this ill-feeling, and apparently with better success. He held another Darbar on the 3rd of June, at which all the Sardars, Honorary Magistrates, Municipal Members and *Mohalladars* were present, and he again impressed upon them the necessity of relinquishing animosity and agitation, as it could only lead to serious evils, punishment, &c. The result of the Darbar was considered good. No overt acts had occurred for two weeks, so Major Davies left on the 4th of June for Gurdaspur.

**The slaughter-yard is attacked, and 4 butchers killed and 3 wounded.**

All remained tranquil from the 4th to the 14th, when the butchers' slaughter-yard outside the city of Amritsar was suddenly attacked at mid-night of the 14th, and 4 butchers killed and 3 wounded. The whole of the assailants made good their escape, and it remained for a long time unknown who, or of what classes, the perpetrators were.

***Suspicion is thrown on the Akalis.***

Suspicion was at first thrown on the Akalis, from the fact of a piece of blue cloth and a quoit being found near the spot. These, it subsequently appeared, had been left purposely to throw the Police on the wrong scent. Major Davies had at once returned to Amritsar, and every means was adopted by the Civil Officers and Police for getting a clue to the origin and perpetrators of the crime.

11. **Numerous arrests are made of the city people.**

It was certainly not unnatural after all that had occurred that that clue should have been looked for in the first instance among the classes of the city who had lately shown such strong feeling in the matter of the slaughter of kine. Mr. Turton Smith, District Super intendent of Police, in a letter written at the time, mentions that numerous arrests were made of the city people on information obtained from various sources.

**Mr. Christie who has been specially summoned arrives and takes up the enquiry.Mr. Christie rejects as valueless investigations made previous to his arrival. Mr. Christie is attracted by the information of two constables regarding the inquiries made by one Hira Singh, who is a relation of a Kuka, Fatteh Singh.**

And these investigations had gone on for nine days, when Mr. Christie, District Superintendent of Police, arrived, having been specially summoned from Dharmsalah at the

suggestion of influential Natives in Amritsar, and on account of his known sagacity in such matters, to take charge of the detective machinery. Mr. Turton Smith mentions that Mr. Christie examined the cases in which investigations had proceeded to a certain point, but finding that nothing tangible had been arrived at, he threw them aside as valueless. The whole month from the 14th June, when the attack on the Amritsar slaughter-yards took place, up to the 15th of July, when the attack on the Raikot slaughter-yards occurred, was occupied in these investigations. Mr. Christie arrived after 9 days had elapsed, i. e., on the 24th of June, and at once, after examination of what had been done gave up all the threads that had previously been followed up, and then commenced his own examination. He appears to have been attracted by an entry in the City Police Report of 21st of June (suspiciously late in the day the Court would note) wherein it was noted that Karm Bakhsh and Pir Bakhsh, City Police Constables, had given information that, when they were on duty at the shambles prior to the murders, one Hira Singh Bhatra had visited the guard and made enquiries regarding its strength, the number of sentries, and the time when the members of the guard absented themselves for their meals. On this Mr. Christie sent for this Hira Singh, and confronted him with the constables, and he acknowledged the truth of their assertions.

The Court notes that Mr. Turton Smith in a letter to Colonel Baillie ---- October 1871, states that this Hira Singh is a close relation by marriage of Futteh Singh, Kuka, one of the butcher murderers, who has since been hanged.

12. **Hira Singh makes a confession implicating himself, one Aya and one Jai Ram. The latter confirms the statements made by the former.**

Híra Singh, on the 3rd of July, made a full confession to Mr. Christie, implicating himself and one Aya. This man was summoned, and confessed on the 7th July. Both Hira's and Aya's statements were made under the promise of pardon. Hira's statement had also implicated Jai Ram Seth, who made a full statement before the Magistrate, Major Birch confirming Hira's and Aya's statements, and confessing to a principal's share, as an instigator, in the murder of the butchers in his own case. The statements of these 3 men, Hira, Aya, and Jai Ram Seth, were made certainly with a considerable amount of circumstantial accompaniment, which gave them a plausible appearance. But the Court, after examining them, records its opinion that the whole story told might very easily have been arranged by collusion. There is no tangible fact by which the narrations might receive solidity, with the exception of the incident, which the Court believes probably actually occurred, of Hira Singh's having played the spy at the butchers' slaughter-yard before the murders, and his having seen and conversed with the men of the guard. The Court has above noted that the mention of this by the two constables of the guard, Karm Bakhsh and Pir Bakhsh, came suspiciously late; but it is yet inclined to believe that the thing

really occurred, as one of the butchers on the spot, Shubrati, also spoke to the fact of Hira's having come to the slaughter-yards, asking questions. It was through the statements of Karm Bakhsh and Pir Bakhsh, as previously narrated, that Mr. Christie first heard of Hira; and it is not surprising that the genuine fact, as the Court conceives it to be, that Hira had acted the spy at the slaughter-houses, had been thought to give great solidity to his accusations against the men first apprehended and accused of the crime.

**Khan Muhammad Shah, an Honorary Magistrate,gives information tending to cast suspicion on the Kukas.**

It must have been about the time, 12th July, when Jai Ram was apparently speaking out distinctly all that had happened, that Khan Muhammad Shah, an Honorary Magistrate, and a man of great respectability, produced some information, which was calculated to cast some doubt on the correctness of the line of enquiry which Mr. Christie was taking up under the influence of the statements of Hira, Aya, &c. Colonel Baillie, in his letter No. 1702 of the 9th October 1871, thus writes of this information :--" Later in the enquiry, viz., about the 12th July, one of the Honorary Magistrates (Khan Muhammad Shah) produced some information, which first of all tended to cast suspicion on Kukas." Khan Muhammad Shah himself stated to the Magistrate in the case "Crown versus Hira and Aya" with regard to the information alluded to as follows:-" Major Davies and Major Birch at the time had exhorted the gentlemen of the city to speak the truth in this matter. In accordance with this and striving to please Government, I tried to discover the perpetrators. Nihal Singh, of the Ahluwalia cast, I called, and told him of the Rs. 1,000 reward offered by Government, and also promised additional reward from my own purse if he could discover anything. He took to himself two other persons, Gurmukh Singh and Kawan Singh; I gave them funds. They said "We will say wherever we go that we had part in the murders at Amritsar, and we must have letters of protection, in order that in any case we may not be arrested by Government." I obtained these letters from Mr. Christie. After some days they came with information to me; I gave this information to Mr. Christie.

13. **Mr. Christie abandons the clue given by Khan Muhammad Shah's information, which subsequent events prove to have been a mis**take.

With regard to the character of the information given by Khan Muhammad Shah Major Davies wrote in his letter No. 902, of the 16th September 1871, as follows :-"The two leading men of the Kuka sect referred to by Major Birch in para. 4 of his letter as having been arrested were Lehna Singh and Rurh Singh. They were arrested on information furnished by Khan Muhammad Shah Bahadar, and there is little doubt that if the clue then obtained had been vigorously acted on the real facts of the murder would have been discovered. Unfortunately, Mr. Christie had fallen into the hands of men who were interested in misleading him, and he gave up,

as we now know, the only valuable clue obtained before the disclosures made by Gulab Singh, one of the Raikot murderers, put the Police on the right track. The arrests in question were made with my full knowledge and concurrence. The information on which the arrests were made was to the effect that a few days before the butcher murders took place there was a large assembly of Kukas from Lopoki and other villages in the neighbourhood at the house of Lehna Singh, Kuka, and that the sacrifice called "*hom*" had been celebrated there, Rurh Singh assisting. These and other facts, I may add, have since been established in evidence at the late trial held by me at Amritsar; and of the two above-named persons Lehna Singh has been sentenced to transportation for life for actively abetting the murders. There was clearly, therefore, no unnecessary interference on the part of the Police with the leaders of the Kuka sect in this instance."

14. **The opinion held by Major Davies and Colonel Baillie regarding the culpability of Kukas.**

Colonel Baillie states, in his letter No. 1702, of the 9th October 1871, to address of Colonel Macandrew, Officiating Inspector-General of Police, that, although Mr. Christie would not entertain the idea of the culpability of the Kukas conveyed by the information given by Khan Muhammad Shah, Major Davies and himself were of opinion that an endeavour should be made to follow up the clue given, and Mr. Turton Smith was entrusted with the task, and was engaged in it when his labors were interrupted by the Raikot confessions.

15. **One of Mr. Christie's spies gives information regarding the determination of the Kukas to put a stop to cow-killing, and the manner in which they intend to carry out their object.**

Later than this information of Khan Muhammad Shah's, but before the Raikot murderers had spoken out, viz., on the 26th of July, one of Mr. Christie's own spies had given the following information, along with a good deal more matter to the same effect:-

**to be continued**

......................................................

## The immortal sacrifices...

Righteousness often demands the strength to withstand loneliness and adversity.

Their martyrdom remains a universal lesson: when freedom, dignity, and righteousness are at stake, even the youngest hearts can display the greatest bravery.

**An eternal legacy**

Three centuries later, the legacy of the Chaar Sahibzaade continues to inspire millions. Their stories are told in homes, schools, gurdwaras, and institutions around the world. Monuments and memorials honour their sacrifice, but the truest memorial is the enduring spirit of fearlessness they instilled in the Sikh community.

In remembering them, society pays tribute not just to four extraordinary children but to an idea-that truth is worth defending, whatever the cost. Waheguru ji !.

......................................................

# ਬੱਚਿਆਂ ਦਾ ਪੰਨਾ

## ਗੁੜ੍ਹ ਦੀ ਟਿੱਕੀ

ਗੁੜ੍ਹ ਵਾਲ਼ੀ ਟਿੱਕੀ ਮੇਰੇ ਦਾਦਾ ਜੀ ਨੇ ਬਣਾਈਏ,
ਡਲ਼ੀ-ਡਲ਼ੀ ਭੋਰ ਉਹ ਨਾ ਸਭ ਨੂੰ ਖੁਵਾਈਏ।

ਘੁਲਾੜੀ ਉੱਤੇ ਬਾਪੂ ਨਾਲ਼ ਸਾਨੂੰ ਵੀ ਲਿਆਇਆ ਸੀ,
ਸਾਰਿਆਂ ਤੋਂ ਪਹਿਲਾਂ ਰਸ ਗੰਨੇ ਦਾ ਪਿਲਾਇਆ ਸੀ,
ਗੁੜ੍ਹ ਦੀ ਖੁਸ਼ਬੂ ਨੇ ਸਾਰੇ ਹਵਾ ਮਹਿਕਾਈਏ
ਡਲ਼ੀ-ਡਲ਼ੀ ਭੋਰ ਉਹ ਨਾ ਸਭ ਨੂੰ ਖੁਵਾਈਏ।

ਇੱਕ ਪਾਸੇ ਝੋਕਾ ਲੱਗੇ ਗੁੜ੍ਹ ਹੋਂਵਦਾ ਤਿਆਰ ਸੀ,
ਗੰਨੇ ਦੀ ਭਰੀਆਂ ਭਾਈ ਲਿਆਵੇ ਵਾਰ-ਵਾਰ ਸੀ,
ਇੰਜ਼ਣ ਦੀ ਠਕ-ਠਕ ਪਵੇ ਦੂਰੋਂ ਹੀ ਸੁਣਾਈਏ
ਡਲ਼ੀ-ਡਲ਼ੀ ਭੋਰ ਉਹ ਨਾ ਸਭ ਨੂੰ ਖੁਵਾਈਏ।

ਕੜ-ਕੜ ਰਸ ਲ਼ਾਲ਼ਾ ਦੇਖੋ ਗਿਆ ਬਣ ਸੀ,
ਬਾਪੂ ਕਹੇ ਗੁੜ ਵਿੱਚ ਦੇਖੋ ਕਿੰਨ੍ਹਾਂ ਕਣ ਵੀ,
ਸਾਰਿਆਂ ਨੇ ਨਿਗ੍ਹਾਂ ਨਾ ਚੱਕ ਤੋਂ ਹਟਾਈਏ
ਡਲ਼ੀ-ਡਲ਼ੀ ਭੋਰ ਉਹ ਨਾ ਸਭ ਨੂੰ ਖੁਵਾਈਏ।

ਖੋਪਾ, ਜਵੈਣ, ਗਿਰੀ, ਕਿੰਨ੍ਹਾਂ ਕੁਛ ਮਿਲਾਲਿਆ,
ਰੰਬੇ ਨਾਲ ਕੱਟ ਫਿਰ ਪ੍ਰਾਂਤ 'ਚ ਟਿਕਾਲਿਆ,
'ਪ੍ਰੀਤ ਬੀੜ ਕਿਸ਼ਨ', ਟਿੱਕੀ ਝੋਲ਼ੇ 'ਚ ਪਾਈਏ
ਡਲ਼ੀ-ਡਲ਼ੀ ਭੋਰ ਉਹ ਨਾ ਸਭ ਨੂੰ ਖੁਵਾਈਏ।

**ਗੁਰਪ੍ਰੀਤ ਸਿੰਘ, 99884-66885**

..........................................................

# ਸੁੱਚੇ - ਮੋਤੀ

## ਚੰਗੀ ਗੱਲ ਦੇ ਪ੍ਰਸੰਸਕ ਬਣੋ

ਸਤਿਗੁਰੂ ਜੀ ਨੇ 'ਅਜੀਤ' ਅਖ਼ਬਾਰ ਵਿੱਚ ਨਾਮਧਾਰੀ ਬੱਚਿਆਂ ਦੀਆਂ ਖੇਡ ਬਾਰੇ ਲਿਖੀਆਂ 10 ਲਾਈਨਾਂ ਦੀ ਪ੍ਰਸੰਸਾ ਕੀਤੀ ਤੇ ਸੁਝਾਅ ਦਿੱਤਾ ਕਿ ਸੰਪਾਦਕ 'ਅਜੀਤ' ਨੂੰ ਇਸ ਦਾ ਸ਼ਲਾਘਾ-ਪੱਤਰ ਲਿਖਿਆ ਜਾਇ। ਸਤਿਗੁਰੂ ਜੀ ਸਮਝਾਇਆ : ਇਹੋ ਵਡੱਪਣ ਹੈ, ਤੁਸੀਂ ਇੱਕ ਚੰਗੀ ਗੱਲ ਤੇ ਅਗਲੇ ਦੀ ਪ੍ਰਸੰਸਾ ਕਰੋ। ਮਾੜੀਆਂ ਗੱਲਾਂ ਵੱਲ ਧਿਆਨ ਨਾ ਦਿਓ।

## ਨਾਯਾਬ ਘੜੀਆਂ

25 ਅਕਤੂਬਰ 1978 ਨੂੰ ਬੈਂਕੋਕ ਵਿਖੇ ਜਹਾਜ਼ 'ਤੇ ਚੜ੍ਹਨ ਵਾਸਤੇ ਬੋਰਡ ਕਾਰਡ ਗੇਟ ਵਾਲੇ ਕੁਲੈਕਟਰ ਨੂੰ ਦੇਣ ਲਈ ਕਿਊ (ਕਤਾਰ) ਲੱਗਾ ਹੋਇਆ ਸੀ। ਮੈਂ ਵੀ ਲਾਈਨ ਵਿੱਚ ਲੱਗਾ ਬੇਧਿਆਨਾ ਸਾਂ। ਵਿਨੋਦ ਕਰਨ ਦੀ ਦ੍ਰਿਸ਼ਟੀ ਤੋਂ ਸਤਿਗੁਰੂ ਜੀ ਅਛੋਪਲੇ ਹੀ ਮੇਰੇ ਪਿੱਛੇ ਆ ਖਲੋਤੇ। ਵੇਖਣ ਵਾਲੇ ਸੱਜਣ ਮੁਸਕਰਾ ਰਹੇ ਸਨ, ਪਰ ਮੈਂ ਤਾਂ ਆਪਣੇ ਖਿਆਲਾਂ ਵਿੱਚ ਮਸਤ ਸਾਂ। ਦੁਆਲੇ ਤੋਂ ਪ੍ਰਭਾਵਤ ਹੋ ਜਿਉਂ ਹੀ ਮੈਂ ਪਿੱਛੇ ਧਿਆਨ ਮਾਰਿਆ ਸਤਿਗੁਰੂ ਜੀ ਦੀ ਮੋਹਕ ਮੁਸਕਾਣ ਨੇ ਆਨੰਦਿਤ ਕੀਤਾ। ਚਰਨਾਂ ਵੱਲ ਝੁਕਿਆ ਪਰ ਬੇਵਸੇ ਲੱਕ ਨੂੰ ਜੱਫੀ ਪੈ ਗਈ। ਐਸੀਆਂ ਨਾਯਾਬ ਘੜੀਆਂ ਅਗਲੀ ਅਜਿਹੀ ਮਿਲਣੀ ਤੱਕ ਸੁਆਦ ਭਰਪੂਰ ਰੱਖਦੀਆਂ ਹਨ।

ਏਸ਼ਰ ਬਸ, ਜਹਾਜ਼ ਤੱਕ ਲੈ ਜਾਣ ਲਈ, ਖਲੋਤੀ-ਖਲੋਤੀ ਭਰ ਗਈ। ਸਤਿਗੁਰੂ ਜੀ ਦੂਜੇ ਸਿੰਘਾਂ ਨੂੰ ਉਡੀਕਣ ਹਿਤ ਇੱਕ ਪਾਸੇ ਹੋ ਖਲੋਤੇ। ਸ. ਮਨਚੰਦਾ ਵੀ ਨਾਲ ਸੀ। ਸਤਿਗੁਰੂ ਵਿਗਸੇ- 'ਭਲੀ ਸਰੀ ਮੂਈ ਮੇਰੀ ਪਹਿਲੀ ਬਰੀ'। (ਕਬੀਰ) ਦੂਜੀ ਬਸ ਆਈ ਤਾਂ ਦੂਜੀ ਤੁਕ ਪੜ੍ਹੀ- ਜੁਗ ਜੁਗ ਜੀਵੇ ਮੇਰੀ ਅਬ ਕੀ ਬਰੀ। ਕਿਰਪਾ ਕੀਤੀ, ਮੈਨੂੰ ਨਾਲ ਬੈਠਾ ਲਿਆ। ਨਿੱਕੀਆਂ ਮੋਟੀਆਂ ਗੱਲਾਂ ਚੱਲਦੀਆਂ ਰਹੀਆਂ। ਜਹਾਜ਼ ਵਿੱਚ ਜਾ ਕੇ ਵੀ ਮੈਨੂੰ ਨਾਲ ਬਹਾ ਲਿਆ। ਆਪ ਜੀ ਬਾਰੀ ਵੱਲ ਬੈਠ ਗਏ।

## ਵਿਸ਼ਵ ਸ਼ਾਂਤੀ ਲਈ ਮਦਦ

18 ਅਕਤੂਬਰ 1978 ਨੂੰ ਬੈਂਕੋਕ ਵਿਖੇ ਸਤਿਗੁਰੂ ਜੀ ਬਚਨ ਕੀਤਾ- ਲੋਕ ਰੂਸ ਵਾਲਿਆਂ ਨੂੰ ਨਾਸਤਕ ਕਹਿੰਦੇ ਹਨ। ਹੋਣਗੇ, ਪਰ ਮੈਂ ਤਾਂ ਉਸ ਦੇਸ਼ ਵਿੱਚ ਧਰਮ ਪਰਾਇਣ ਲੋਕਾਂ ਬਾਰੇ ਵੀ ਸੁਣਦਾ ਹਾਂ। ਮੈਂ ਉਹਨਾਂ ਨਾਲ ਸ਼ਾਂਤੀ ਦੇ ਮਿਸ਼ਨ ਵਿੱਚ ਕੰਮ ਕੀਤਾ ਹੈ। ਮੈਂ ਵੇਖਿਆ ਹੈ ਕਿ ਉਹ ਸੰਸਾਰ ਅਮਨ ਵਿੱਚ ਭਰਪੂਰ ਹਿੱਸਾ ਪਾ ਰਹੇ ਹਨ ਅਤੇ ਏਥੇ ਡਾ. ਸੁਚਾਟ ਵੀ ਇਹੋ ਕੰਮ ਕਰ ਰਿਹਾ ਹੈ। ਉਸਦੀ ਮਦਦ ਕਰਨ ਲਈ ਮੇਰਾ ਤਾਂ ਜੀ ਕਰਦਾ ਹੈ ਪੰਜ ਦਾ ਪੰਜ ਕਰੋੜ ਹੀ, ਉਸਦੇ ਪ੍ਰੋਜੈਕਟ ਦਾ, ਅਸੀਂ ਹੀ ਤਾਰੀਏ। ਪਰ ਜੇ ਅਜੇ ਨਹੀਂ ਤਾਂ ਦੋ ਲੱਖ ਬਾਟ ਤਾਂ ਅਸੀਂ ਜ਼ਰੂਰ ਕੱਲ੍ਹ ਦੇਈਏ।

## ਨਾਲਦਿਆਂ ਨੂੰ ਸੜਨੋਂ ਰੋਕੋ

24 ਅਕਤੂਬਰ 1978 ਨੂੰ ਬੈਂਕੋਕ ਵਿਖੇ ਸਤਿਗੁਰੂ ਜੀ ਬਚਨ ਕੀਤਾ- ਮੈਨੂੰ ਕਵੀ ਹੁਰਾਂ ਕਿਹਾ ਹੈ, ਜਿਹੜੇ ਆਪ ਗ਼ਲਤ ਨੇ ਉਹ ਦੂਜਿਆਂ ਨੂੰ ਕਿਵੇਂ ਰੋਕਣਗੇ? ਮੇਰਾ ਉੱਤਰ ਇਹ ਹੈ- ਕਿਸੇ ਦਾ ਹੱਥ ਅੱਗ ਵਿੱਚ ਪਾਇਆਂ ਸੜ ਗਿਆ, ਉਹ ਦੂਜੇ ਨੂੰ ਕਹੇਗਾ, ਵੇਖੀਂ ਅੱਗ ਵਿੱਚ ਹੱਥ ਨ ਪਾਈਂ, ਸੜ ਜਾਵੇਗਾ, ਆਹ ਮੇਰਾ ਹਾਲ ਵੇਖ! ਤੁਸੀਂ ਸਾਰੇ ਹੀ ਡਟ ਕੇ ਚੰਗੇ ਪਾਸੇ ਵੱਲ ਵਧੋ।"

**ਸੁਖਨ ਏ ਬੇਅੰਤ ਵਿਚੋਂ**

..................................................

# ਖ਼ਬਰਨਾਮਾ

## ਪੰਜਾਬ ਦੇ ਇਤਿਹਾਸਿਕ ਅਤੇ ਰਿਆਸਤੀ ਸ਼ਹਿਰ ਨਾਭਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪੰਜਾਬ ਦੇ ਰਿਆਸਤੀ ਸ਼ਹਿਰ ਨਾਭਾ ਦਾ ਨਾਮਧਾਰੀ ਪੰਥ ਨਾਲ ਬਹੁਤ ਹੀ ਸਨੇਹ ਅਤੇ ਨੇੜਤਾ ਭਰਿਆ ਸਬੰਧ ਰਿਹਾ ਹੈ। ਕਿਉਂਕਿ ਨਾਮਧਾਰੀ ਪੰਥ ਜਿਸ ਬਰਤਾਨਵੀ ਹਕੂਮਤ ਨਾਲ ਦੇਸ ਆਜ਼ਾਦੀ ਦੀ ਜੰਗ ਲੜ ਰਿਹਾ ਸੀ ਅਤੇ ਨਾਮਧਾਰੀਆਂ ਨੂੰ ਅੰਗਰੇਜ਼ ਹਕੂਮਤ ਵਲੋਂ ਤੋਪਾਂ ਨਾਲ ਉਡਾਏ ਜਾਣ ਅਤੇ ਫਾਸੀਆਂ ਤੇ ਲਟਕਾਏ ਜਾਣ ਦੀਆਂ ਸਜਾਵਾਂ ਦਿੱਤੀਆਂ ਜਾ ਰਹੀਆਂ ਸਨ ਉਸ ਸਮੇਂ ਰਿਆਸਤ ਨਾਭਾ ਦੇ ਰਾਜਾ ਹੀਰਾ ਸਿੰਘ ਅਤੇ ਉਸਦੇ ਸਪੁੱਤਰ ਰਾਜਾ ਰਿਪੁਦਮਨ ਸਿੰਘ ਨੇ ਕਦੀ ਵੀ ਅੰਗਰੇਜ਼ ਹਕੂਮਤ ਦਾ ਸਾਥ ਨਹੀਂ ਦਿੱਤਾ। ਸਗੋਂ ਨਾਮਧਾਰੀ ਪੰਥ ਨਾਲ ਉਸਦੀ ਪ੍ਰੇਮ ਭਰੀ ਸਾਂਝ ਹਮੇਸ਼ਾ ਬਰਕਰਾਰ ਰਹੀ ਸੀ। ਨਾਭਾ ਦੇ ਰਾਜਾ ਰਿਪੁਦਮਨ ਸਿੰਘ ਨੇ ਆਪਣੇ ਗ੍ਰਿਹਿ ਵਿਖੇ ਪੁੱਤਰ ਟਿੱਕਾ ਪ੍ਰਤਾਪ ਸਿੰਘ ਦੇ ਜਨਮ ਸਮੇਂ ਅਨੇਕਾਂ ਕੀਮਤੀ ਤੋਹਫੇ ਅਤੇ ਆਪਣੀ ਰਿਆਸਤ ਵਿਚੋਂ ਬੀੜ ਮਠਾੜੂ ਵਾਲੀ ਜ਼ਮੀਨ ਲੱਗਭਗ 1285 ਏਕੜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਚਰਨ ਭੇਂਟ ਕੀਤੀ ਸੀ। ਏਸੇ ਪੁਰਾਤਨ ਸਾਂਝ ਅਤੇ ਪਿਆਰ ਨੂੰ ਬਰਕਰਾਰ ਰੱਖਦੇ ਹੋਏ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਹਾਂਰਾਨੀ ਪ੍ਰੀਤੀ ਸਿੰਘ ਦੇ ਅਰਜ਼ ਬੇਨਤੀ ਕਰਨ ਤੇ ਮਿਤੀ 28 ਨਵੰਬਰ ਦਿਨ ਸ਼ੁੱਕਰਵਾਰ 2025 ਨੂੰ ਨਾਭਾ ਦੇ ਹੀਰਾ ਪਹਿਲ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸ ਸਮੇਂ ਮਾਤਾ ਗੁਰਸ਼ਰਨ ਕੌਰ ਜੀ ਵੀ ਨਾਲ ਸਨ।

ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਖੰਨਾ, ਅਮਲੋਹ, ਭਾਦਸੋ ਹੁੰਦੇ ਹੋਏ ਤਕਰੀਬਨ 12 ਵਜੇ ਸ੍ਰੀ ਸਤਿਗੁਰੂ ਜੀ ਨੇ ਨਾਭਾ ਦੇ ਹੀਰਾ ਮਹਿਲ ਵਿਖੇ ਦਰਸ਼ਨ ਦਿੱਤੇ। ਮਹਾਰਾਜਾ ਰਿਪੁਦਮਨ ਸਿੰਘ ਜੀ ਦੇ ਪੜਪੋਤੇ ਨੇ ਮਹਾਰਾਜਾ ਭਾਨੂੰ ਪ੍ਰਤਾਪ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਫੁੱਲਾਂ ਦੇ ਹਾਰ ਪਹਿਨਾ ਕੇ ਸੁਆਗਤ ਕੀਤਾ, ਮਹਾਰਾਣੀ ਉਮਾਂ ਸਿੰਘ ਅਤੇ ਮਹਾਰਾਣੀ ਪ੍ਰੀਤੀ ਸਿੰਘ ਜੀ ਨੇ ਵੀ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਨੂੰ ਫੁੱਲਾਂ ਦੇ ਹਾਰ ਭੇਂਟ ਕੀਤੇ ਗਏ। ਸਾਰਾ ਪਰਿਵਾਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਖੁਸ਼ੀ ਦਾ ਅਨੁਭਵ ਕਰ ਰਿਹਾ ਸੀ। ਪਰਿਵਾਰ ਨਾਲ ਬੈਠ ਕੇ ਪੁਰਾਣੀਆਂ ਯਾਦਾਂ ਨੂੰ ਤਾਜਾ ਕੀਤਾ ਗਿਆ। ਪਰਿਵਾਰ ਨੇ ਜ਼ਿਕਰ ਕੀਤਾ ਕਿ ਕਾਫੀ ਲੰਬੇ ਅਰਸੇ ਦੇ ਬੀਤ ਜਾਣ ਬਾਅਦ ਅੱਜ ਹੀਰਾ ਮਹਿਲ ਵਿਚ ਰੌਣਕਾਂ ਪਰਤੀਆਂ ਹਨ। ਮਹਾਰਾਣੀ ਪ੍ਰੀਤੀ ਸਿੰਘ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਪੂਰੇ ਹੀਰਾ ਮਹਿਲ ਦਾ ਭਰਮਨ ਕਰਵਾਇਆ ਅਤੇ ਦੱਸਿਆ ਕਿ ਉਹਨਾਂ ਦੇ ਸਪੁੱਤਰ ਯੁਵਰਾਜ ਅਭੀ ਉਦੇ ਪ੍ਰਤਾਪ ਸਿੰਘ ਜਿਸ ਦੀ ਉਮਰ 12 ਸਾਲ ਦੀ ਹੈ ਜਿਸ ਤਰ੍ਹਾਂ ਸਿੱਖੀ ਵੱਲ ਪ੍ਰਵਰਤਿਤ ਹੋ ਕੇ ਦਸਤਾਰ ਬੰਨਣੀ ਸ਼ੁਰੂ ਕੀਤੀ ਹੈ ਅਤੇ ਕੇਸ ਰੱਖ ਕੇ ਸਾਬਤ ਸੂਰਤ ਗੁਰਸਿੱਖ ਬਣਿਆ ਹੈ। ਸਕੂਲ ਤੋਂ ਆਣ ਕੇ ਯੁਵਰਾਜ ਅਭੀਉਦੇ ਸਿੰਘ ਨੇ ਵੀ ਸ੍ਰੀ ਸਤਿਗੁਰੂ ਜੀ ਦੇ ਚਰਨ ਛੋਹ ਕੇ ਨਮਸਕਾਰ ਕੀਤੀ। ਇਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਨਾਲ ਸੇਵਕ ਕਰਤਾਰ ਸਿੰਘ, ਆਸਾ ਸਿੰਘ, ਸੰਤ ਨਿਸ਼ਾਨ ਸਿੰਘ, ਸਤਨਾਮ ਸਿੰਘ, ਗੁਰਲਾਲ ਸਿੰਘ, ਸਰਪੰਚ ਕੁਲਦੀਪ ਸਿੰਘ ਬੀੜ, ਸਰਪੰਚ ਜਤਿੰਦਰ ਸਿੰਘ ਪਿੰਡ ਭੱਟੀਆਂ ਵੀ ਹਾਜਰ ਹਨ।

**ਸੂਬਾ ਬਲਵਿੰਦਰ ਸਿੰਘ ਝੱਲ**

.........................................................

## ਜ਼ਿਲ੍ਹਾ ਬਠਿੰਡਾ ਦੇ ਪਿੰਡ ਕਾਲਝਰਾਨੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪੰਜਾਬ ਦੇ ਸ਼ਹਿਰ ਬਠਿੰਡਾ ਲੱਗਭਗ 15 ਕਿਲੋਮੀਟਰ ਤੇ ਪਿੰਡ ਬਾਦਲ ਨੂੰ ਜਾਦੀ ਸੜਕ ਤੇ ਸਥਿਤ ਹੈ ਪਿੰਡ ਕਾਲਝਰਾਨੀ ਜਿਸ ਦਾ ਇਤਿਹਾਸਿਕ ਪਿਛੋਕੜ ਹੈ ਕਿ ਦੱਖਣ ਦੀ ਧਰਤੀ ਨੂੰ ਜਾਂਦੇ ਸਮੇਂ ਦਸ਼ਮੇਸ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਇਸ ਸਥਾਨ ਤੇ ਕੁਝ ਸਮਾਂ ਰੁੱਕੇ ਸਨ ਅਤੇ ਇਸ ਸਥਾਨ ਤੇ ਦਸਵੇਂ ਪਾਤਸ਼ਾਹ ਜੀ ਨੇ ਇਕ ਕਾਂ ਦੇ ਬੱਚੇ ਦਾ ਉਧਾਰ ਕੀਤਾ ਸੀ। ਇਸ ਸਥਾਨ ਦੀ ਤਕਰੀਬਨ 56 ਸਾਲ ਤੋਂ ਸੇਵਾ ਨਿਭਾ ਰਹੇ ਹਨ ਬਾਬਾ ਰਾਜਾ ਸਿੰਘ ਕਾਲਝਰਾਨੀ। ਬਾਬਾ ਰਾਜਾ ਸਿੰਘ ਦੀ ਨਾਮਧਾਰੀ ਪੰਥ ਨਾਲ ਗੁਰਸਿੱਖੀ ਦੀ ਸਾਂਝ ਹੈ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨਾਲ ਅਥਾਹ ਪ੍ਰੇਮ ਪਿਆਰ ਹੈ। ਜਿਸ ਦੀ ਬਦੌਲਤ ਬਾਬਾ ਰਾਜਾ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਸਥਾਪਿਤ ਜਗਜੀਤ

ਮੰਦਰ ਵਿਖੇ ਪਵਿੱਤਰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਇਕ ਚੋਕੜੇ ਤਕਰੀਬਨ 48 ਘੰਟਿਆਂ ਵਿਚ ਲਗਾਤਾਰ ਕਰ ਚੁੱਕੇ ਹਨ। ਬਾਬਾ ਰਾਜਾ ਸਿੰਘ ਜੀ ਦੇ ਅਰਜ਼ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਿੰਡ ਕਾਂਲਝਰਾਨੀ ਵਿਖੇ ਮਿਤੀ 15 ਦਸੰਬਰ 2025 ਦਿਨ ਸੋਮਵਾਰ ਨੂੰ ਇਸ ਇਤਿਹਾਸਿਕ ਸਥਾਨ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਇਸ ਗੁਰਦੁਆਰਾ ਸਾਹਿਬ ਦੀ ਡਿਊੜੀ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਰੱਖਿਆ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਬਾਬਾ ਰਾਜਾ ਸਿੰਘ ਅਤੇ ਨਗਰ ਨਿਵਾਸੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਦੇ ਫੁੱਲਾਂ ਦੇ ਹਾਰਾਂ ਅਤੇ ਗੁਲਦਸਿਆਂ ਨਾਲ ਭਰਭੂਰ ਸੁਆਗਤ ਕੀਤਾ ਗਿਆ। ਇਸ ਸਮੇਂ ਬਾਬ ਸਤਨਾਮ ਸਿੰਘ ਨਾਨਕਸਰ ਸੰਪ੍ਰਦਾਇ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਵੀ ਹਾਜਰ ਸਨ। ਬਾਬਾ ਰਾਜਾ ਸਿੰਘ ਅਤੇ ਨਗਰ ਨਿਵਾਸੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਇਸ ਸਮੇਂ ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਬਲਬੀਰ ਸਿੰਘ ਢਿਲਵਾਂ, ਸੂਬਾ ਸਰਬਜੀਤ ਸਿੰਘ ਮਲੋਟ, ਸ. ਹਰਜਿੰਦਰ ਸਿੰਘ ਬਠਿੰਡਾ ਅਤੇ ਹੋਰ ਇਲਾਕਾ ਨਿਵਾਸੀ ਨਾਮਧਾਰੀ ਸਾਧ ਸੰਗਤ ਵੀ ਹਜ਼ਾਰ ਸੀ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਵਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਜ਼ਿਲ੍ਹਾ ਲੁਧਿਆਣਾ ਦੇ ਰਾਧਾ ਸੁਆਮੀ ਡੇਰਾ ਪਿੰਡ ਝੱਮਟ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਰਾਧਾ ਸੁਆਮੀ ਡੇਰਾ ਪਿੰਡ ਝੱਮਟ ਦੇ ਸਥਾਨ ਦੇ ਮੁੱਖੀ ਬਾਬਾ ਕਰਨੈਲ ਸਿੰਘ ਜੀ ਝੱਮਟ ਦੇ ਅਰਜ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 15 ਦਸੰਬਰ 2025 ਦਿਨ ਸੋਮਵਾਰ ਨੂੰ ਉਚੇਚੇ ਤੌਰ ਤੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਜ਼ਿਕਰਯੋਗ ਹੈ ਕਿ ਬਾਬਾ ਕਰਨੈਲ ਸਿੰਘ ਝੱਮਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੋਂ ਹੀ ਸ੍ਰੀ ਭੈਣੀ ਸਾਹਿਬ ਦੀ ਧਰਤੀ ਨਾਲ ਸਨੇਹ ਰੱਖਦੇ ਹਨ ਅਤੇ ਅਕਸਰ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਉਂਦੇ ਰਹਿੰਦੇ ਸਨ। ਉਸੇ ਹੀ ਪ੍ਰੇਮ ਅਤੇ ਪਿਆਰ ਦੀ ਭਾਵਨਾ ਨੂੰ ਮੁੱਖ ਰੱਖਦੇ ਹੋਏ ਅਤੇ ਆਪਣੀ ਪੁਰਾਤਨ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਬਾਬਾ ਕਰਨੈਲ ਸਿੰਘ ਜੀ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਦਰਸ਼ਨ ਦੇਣ ਲਈ ਅਰਜ਼ ਬੇਨਤੀ ਕੀਤੀ। ਉਸੇ ਹੀ ਪ੍ਰੇਮ ਭਰੀ ਭਾਵਨਾ ਨੂੰ ਮੁੱਖ ਰੱਖਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਿੰਡ ਝੱਮਟ ਦੇ ਡੇਰੇ ਜੋ ਨਹਿਰ ਦੇ ਕੰਡੇ ਤੇ ਬਹੁਤ ਰਾਮਨੀਕ ਅਤੇ ਸੁੰਦਰ ਸਥਾਨ ਤੇ ਸਥਾਪਤ ਹੈ। ਵਿਖੇ ਦਰਸ਼ਨ ਦੇਣ ਸਮੇਂ ਬਾਬਾ ਕਰਨੈਲ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸਤਿਕਾਰ ਕੀਤਾ ਅਤੇ ਦਰਸ਼ਨ ਦੇਣ ਤੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਜਿਕਰਯੋਗ ਹੈ ਕਿ ਇਹ ਡੇਰਾ ਨਾਮਧਾਰੀ ਪੰਥ ਦੇ ਇਤਿਹਾਸਿਕ ਸਥਾਨ ਪਿੰਡ ਸਿਆੜ੍ਹ ਦੇ ਨਜਦੀਕ ਤਕਰੀਬਨ 2 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਪਿੰਡ ਸਿਆੜ ਦੀ ਸਾਧ ਸੰਗਤ ਵੀ ਇਸ ਸਥਾਨ ਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਲਈ ਪਹੁੰਚੀ ਹੋਈ ਸੀ। ਕੁਝ ਸਮਾਂ ਰੁਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਬਾਬਾ ਕਰਨੈਲ ਸਿੰਘ ਜੀ ਤੋਂ ਵਿਦਾਇਗੀ ਲਈ ਅਤੇ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰ ਕਾਦੀਆਂ ਵਿਖੇ ਸੰਤ ਹਰਨਾਮ ਸਿੰਘ ਜੀ ਦੀ ਯਾਦ ਵਿਚ ਮੇਲਾ

ਸ਼ਹਿਰ ਕਾਦੀਆਂ ਵਿਖੇ ਸਥਿਤ ਨਾਮਧਾਰੀ ਧਰਮਸ਼ਾਲਾ ਜੋ ਕਿ ਬ੍ਰਹਮ ਗਿਆਨੀ ਮਹਾਤਮਾ ਸੰਤ ਹਰਨਾਮ ਸਿੰਘ ਜੀ ਦੀ ਯਾਦ ਵਿਚ ਸਥਾਪਿਤ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਹਰਨਾਮ ਸਿੰਘ ਜੀ ਦੀ ਯਾਦ ਵਿਚ ਉਹਨਾਂ ਸਲਾਨਾ ਬਰਸੀ ਨਾਮਧਾਰੀ ਸਾਧ ਸੰਗਤ ਵਲੋਂ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ ਸੂਬਾ ਅਜੀਤ ਸਿੰਘ ਬਟਾਲਾ ਅਤੇ ਸੂਬਾ ਬਲਵਿੰਦਰ ਸਿੰਘ ਚੱਕਯਕੂਬ ਦੀ ਅਗਵਾਈ ਵਿਚ ਧਰਮਸ਼ਾਲਾ ਦੀ ਪ੍ਰਬੰਧਕ ਕਮੇਟੀ ਨੇ ਇਸ ਕਾਰਜ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ। ਜਥੇ. ਨਿਰਮਲ ਸਿੰਘ ਭੋਇਵਾਲੀ, ਜਥੇ. ਸੁਰਜੀਤ ਸਿੰਘ ਮੁਸਤਫਾਪੁਰ ਨੂੰ ਦੀਵਾਨ ਸਜਾਏ ਅਤੇ ਸੰਤ ਬਾਬਾ ਹਰਦੇਵ ਸਿੰਘ ਬਿਜਲੀਵਾਲੇ ਨੇ ਕਥਾ ਦੇ ਰੂਪ ਵਿਚ ਗੁਰੂ ਕਾ ਜੱਸ ਕੀਤਾ। ਸ੍ਰੀ ਭੈਣੀ ਸਾਹਿਬ ਤੇ ਉਚੇਚੇ ਤੌਰ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸੂਬਾ ਬਲਵਿੰਦਰ ਸਿੰਘ ਝੱਲ ਅਤੇ ਉਹਨਾਂ ਦੇ ਸਾਥੀਆਂ ਨੇ ਇਸ ਸਮਾਗਮ ਸਮੇਂ

ਹਾਜਰੀ ਭਰੀ। ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਅਤੇ ਖਜਾਨਚੀ ਸ. ਗੁਰਦੀਪ ਸਿੰਘ ਸਮੇਤ ਸਾਰੀ ਕਮੇਟੀ ਨੇ ਸਾਰੇ ਸਮਾਗਮ ਨੂੰ ਜ਼ਿੰਮੇਵਾਰੀ ਨਾਲ ਨਿਭਾਇਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦਾ ਮੈਂਗਲੂਰ ਦੌਰਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਅਸ਼ੀਰਵਾਦ ਨਾਲ ਅਵਤਾਰ ਅਸਿਸਟਿੰਗ ਲਿਵਿੰਗ ਕੈਂਪਸ ਦੀ ਨੀਂਹ 2014 ਵਿਚ ਰੱਖੀ ਗਈ।

**ਮਿਤੀ 10-12-2025** ਨੂੰ ਹਾਜਰਾ ਹਜ਼ੂਰ ਜੀ ਨੇ ਕੈਂਪਸ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਤਿਗੁਰੂ ਸੱਚੇ ਪਾਤਸ਼ਾਹ ਜੀ ਅਤੇ ਮਾਤਾ ਜੀ ਸਵੇਰੇ 9 ਵਜੇ ਮੈਂਗਲੂਰ ਏਅਰ ਪੋਰਟ ਤੇ ਪਹੁੰਚੇ ਅਤੇ ਉਹਨਾਂ ਦਾ ਸਵਾਗਤ ਅਵਤਾਰ ਸਿੰਘ ਜੀ ਦੇ ਸਪੁੱਤਰ ਗੁਰਮੁੱਖ ਸਿੰਘ ਅਤੇ ਉਹਨਾਂ ਦੇ ਸਮੁੱਚੇ ਪਰਿਵਾਰ ਅਤੇ ਰਾਉ ਸਾਹਿਬ ਜੀ ਵਲੋਂ ਸੱਚੇ ਪਾਤਸ਼ਾਹ ਅਤੇ ਮਾਤਾ ਜੀ ਦਾ ਭਰਵਾਂ ਸਵਾਗਤ ਕੀਤਾ ਗਿਆ। ਕੈਂਪਸ ਵਿਚ ਪਹੁੰਚ ਕੇ ਸੱਚੇ ਪਾਤਸ਼ਾਹ ਜੀ ਨੇ ਸਾਰੇ ਕੈਂਪਸ ਦਾ ਦੌਰਾ ਕੀਤਾ ਅਤੇ ਇੱਥੇ ਰਹਿ ਰਹੇ ਵਿਅਕਤੀਆਂ ਨੂੰ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਲਈ ਅਤੇ ਕੈਂਪਸ ਵਿਚ ਰਹਿ ਰਹੇ ਵਿਅਕਤੀਆਂ ਨਾਲ ਗੱਲਬਾਤ ਕੀਤੀ। ਉਪਰੰਤ ਪਾਤਸ਼ਾਹ ਜੀ ਸਾਰਿਆਂ ਨੂੰ ਪ੍ਰਸ਼ਾਦ ਵਰਤਾਇਆ ਅਤੇ ਖੁਸ਼ੀਆਂ ਬਖਸ਼ਿਸ਼ ਕੀਤੀਆਂ ਗੱਲਬਾਤ ਕਰਦਿਆਂ ਪਾਤਸ਼ਾਹ ਜੀ ਨੇ ਕੈਂਪਸ ਦੀ ਲੁਕੇਸ਼ਨ ਪਹਾੜੀ ਏਰੀਆ ਰੁੱਖਾਂ ਦੀ ਹਰਿਆਲੀ ਅਤੇ ਸ਼ਾਂਤਮਈ ਮਹੌਲ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਸੱਚੇ ਪਾਤਸ਼ਾਹ ਜੀ ਨੇ ਸ਼ਸ਼ੀਰਾਓ ਅਤੇ ਰਵੀਗਉ ਜੀ ਦੇ ਫਾਰਮ ਹਾਊਂਸ ਦਾ ਦੌਰਾ ਕੀਤਾ ਅਤੇ ਸ਼ਾਮ ਦਾ ਸਮਾਂ ਬੀਚ ਤੇ ਵਾਕ ਕੀਤੀ ਅਤੇ ਰਾਤ ਕੈਂਪਸ ਵਿਚ ਰਹੇ। ਅਗਲੇ ਦਿਨ ਸਵੇਰੇ ਪਾਤਸ਼ਾਹ  ਜੀ ਨੇ ਸਾਰਿਆਂ ਨੂੰ ਦਰਸ਼ਨ ਦਿੱਤੇ ਅਤੇ ਖੁਸ਼ੀਆਂ ਦੀ ਬਖਸ਼ਿਸ਼ ਕਰਦੇ ਹੋਏ ਏਅਰ ਪੋਰਟ ਲਈ ਰਵਾਨਾ ਹੋ ਗਏ।

**ਰਘਬੀਰ ਸਿੰਘ**

## ਸ਼ਹੀਦ ਬਿਸ਼ਨ ਸਿੰਘ ਮੈਮੋਰਿਅਲ ਸੀਨੀਅਰ ਸੈਕੰਡਰੀ ਸਕੂਲ ਨੇ 'ਸਜ਼ਦਾ-ਅ ਸਲੂਟ ਟੂ ਗਾਡ' ਨੂੰ ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤਾ

ਸ਼ਹੀਦ ਬਿਸ਼ਨ ਸਿੰਘ ਮੈਮੋਰਿਅਲ ਸੀਨੀਅਰ ਸੈਕੰਡਰੀ ਸਕੂਲ, ਨਵੀਂ ਦਿੱਲੀ ਨੇ 30 ਨਵੰਬਰ 2025 ਨੂੰ ਆਪਣੇ ਸਲਾਨਾ ਸਕੂਲ ਫੈਸਟ ਅਤੇ ਸੂਫ਼ੀ ਨਾਈਟ 'ਸਜ਼ਦਾ-ਅ ਸਲੂਟ ਟੂ ਗਾਡ' ਨੂੰ ਵੱਡੇ ਉਤਸ਼ਾਹ ਨਾਲ ਮਨਾਇਆ। ਇਸ ਸਮਾਗਮ ਵਿੱਚ ਮੁਖ ਮਹਿਮਾਨ ਸ਼੍ਰੀ ਵੀਰੇਂਦਰ ਸਚਦੇਵਾ ਜੀ, ਸੀਨੀਅਰ ਭਾਜਪਾ ਨੇਤਾ ਅਤੇ ਦਿੱਲੀ ਭਾਜਪਾ ਦੇ ਪ੍ਰਧਾਨ, ਦੀ ਮੌਜੂਦਗੀ ਰਹੀ। ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸ਼ਖ਼ਸੀਅਤਾਂ ਸਮੇਤ ਅਤੇ ਮਾਣਯੋਗ ਮਹਿਮਾਨਾਂ ਨੇ ਵੀ ਹਾਜ਼ਰੀ ਭਰੀ। ਸਜ਼ਦਾ ਥੀਮ ਕੇਂਦਰਿਤ ਇਸ ਕਾਰਜਕ੍ਰਮ ਨੇ ਭਗਤੀ, ਨਿਮਰਤਾ ਅਤੇ ਅੰਦਰੂਨੀ ਸ਼ਕਤੀ ਦੇ ਮੁੱਲਾਂ ਨੂੰ ਵਿਦਿਆਰਥੀਆਂ ਦੇ ਰੂਹਾਨੀ ਅਤੇ ਰੰਗ-ਬਰੰਗੇ ਪ੍ਰਦਰਸ਼ਨਾਂ ਰਾਹੀਂ ਪ੍ਰਗਟਾਇਆ। ਪ੍ਰੀ-ਪ੍ਰਾਈਮਰੀ ਬੱਚਿਆਂ ਦੁਆਰਾ ਦੇਸ਼ ਭਗਤੀ ਨ੍ਰਿਤਜ, ਬੱਚੇ ਦੇ ਭਾਵਨਾਤਮਕ ਸਫ਼ਰ ਨੂੰ ਦਰਸਾਉਂਦਾ ਮਿਊਜ਼ਿਕਲ ਡਾਂਸ ਡਰਾਮਾ, ਸਕੂਨ ਭਰਿਆ ਸੂਫੀ ਡਾਂਸ ਐਨਸੈਂਬਲ, ਅਤੇ ਜੋਸ਼ ਨਾਲ ਭਰਪੂਰ ਭੰਗੜਾ-ਗਿੱਧਾ ਪ੍ਰਸਤੁਤੀਆਂ ਨੇ ਸਕੂਲ ਦੀ ਸਾਂਸਕ੍ਰਿਤਿਕ ਸ਼ਾਨ ਨੂੰ ਉਜਾਗਰ ਕੀਤਾ। ਇੰਸਟਰੂਮੈਂਟਲ ਗਰੁੱਪ ਨੇ ਵੀ ਬਾਲੀਵੁੱਡ ਅਤੇ ਸੂਫ਼ੀ ਸੰਗੀਤ ਦੀਆਂ ਸੁਰੀਲੀਆਂ ਧੁਨਾਂ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ। ਸਮਾਗਮ ਦੌਰਾਨ ਸ਼੍ਰੀ ਸੁੰਦਰ ਸਿੰਘ ਹੰਸਪਾਲ ਜੀ ਅਤੇ ਸ਼੍ਰੀ ਸੁਲੱਖਣ ਸਿੰਘ ਜੀ ਦੇ ਮਾਰਗਦਰਸ਼ਨ ਲਈ ਵਿਸ਼ੇਸ਼ ਸਰਾਹਨਾ ਪ੍ਰਗਟ ਕੀਤੀ ਗਈ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਸਿੰਘ ਦੇ ਨੇਤ੍ਰਤਵ ਹੇਠ, ਸਕੂਲ ਅਕਾਦਮਿਕ,



ਸਾਂਸਕ੍ਰਿਤਿਕ ਅਤੇ ਸੰਸਕਾਰਕ ਸਿੱਖਿਆ ਦੇ ਖੇਤਰ ਵਿੱਚ ਨਿਰੰਤਰ ਪ੍ਰਗਤੀ ਕਰ ਰਿਹਾ ਹੈ, ਜਿਸ ਦਾ ਜ਼ਿਕਰ ਵੀ ਵਿਸ਼ੇਸ਼ ਤੌਰ ਤੇ ਕੀਤਾ ਗਿਆ। ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਮਹੀਨਿਆਂ ਦੀ ਸਖ਼ਤ ਮਿਹਨਤ ਹਰ ਪ੍ਰਦਰਸ਼ਨ ਵਿੱਚ ਸਪੱਸ਼ਟ ਦਿਖੀ। ਫੈਸਟ ਨੇ ਗਲੋਬਲ ਪ੍ਰੋਜੈਕਟਾਂ, ਸਕਿਲ ਟ੍ਰੇਨਿੰਗ, ਖੇਡਾਂ ਅਤੇ ਸੰਗੀਤ ਦੀਆਂ ਪਹਿਲਾਂ, ਅਤੇ ਮਜ਼ਬੂਤ ਅਕਾਦਮਿਕ ਉਪਲਬਧੀਆਂ ਰਾਹੀਂ ਸਕੂਲ ਦੇ ਸੰਪੂਰਨ ਵਿਕਾਸਸ਼ੀਲ ਦ੍ਰਿਸ਼ਟੀਕੋਣ ਦੀ ਵੀ ਝਲਕ ਦਿਖਾਈ। ਸਮਾਗਮ ਦਾ ਸਮਾਪਨ ਪ੍ਰਸਿੱਧ ਸੂਫ਼ੀ ਗਾਇਕ ਖਾਨ ਸਾਹਬ ਦੀ ਲਾਈਵ ਪ੍ਰਸਤੁਤੀ ਨਾਲ ਹੋਇਆ, ਜਿਸ ਨੇ ਪੂਰੇ ਦਰਸ਼ਕਾਂ ਨੂੰ ਮੰਤ੍ਰਮੁਗਧ ਕਰ ਦਿੱਤਾ। ਮਾਪਿਆਂ ਨੇ ਵਿਦਿਆਰਥੀਆਂ ਦੀ ਅਨੁਸ਼ਾਸਨ, ਪ੍ਰਦਰਸ਼ਨ ਕੁਸ਼ਲਤਾ ਅਤੇ ਆਤਮ-ਵਿਸ਼ਵਾਸ ਦੀ ਖ਼ੂਬ ਸਰਾਹਨਾ ਕੀਤੀ, ਜਿਸ ਨਾਲ 'ਸਜਦਾ' ਸਮੂਹ ਸ਼ਭਸ਼ੰਸ਼ ਪਰਿਵਾਰ ਲਈ ਇੱਕ ਪ੍ਰੇਰਕ ਤੇ ਯਾਦਗਾਰ ਸ਼ਾਮ ਬਣੀ।

**ਪ੍ਰਿੰ. ਸਤਵੰਤ ਕੌਰ**

..................................................

# ਸਫ਼ਰ-ਏ-ਸ਼ਹਾਦਤ

6 ਪੋਹ ਤੋਂ 14 ਪੋਹ ਦੇ ਦਿਨ ਸਿੱਖ ਇਤਿਹਾਸ ਵਿੱਚ ਬੜੀ ਮਹੱਤਤਾ ਰੱਖਦੇ ਹਨ। ਇਹਨਾਂ ਦਿਨਾਂ ਨੂੰ 'ਸਫ਼ਰ-ਏ-ਸ਼ਹਾਦਤ' ਦੇ ਦਿਨ ਵੀ ਆਖਿਆ ਜਾਂਦਾ ਹੈ। ਇਹਨਾਂ ਦਿਨਾਂ 'ਚ ਦਸਮੇਸ਼ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਵਾਰ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਦੀ ਸ਼ਹਾਦਤ ਹੋਈ। ਇਹਨਾਂ ਦਿਨਾਂ ਨੂੰ ਸੰਸਾਰ ਭਰ ਵਿੱਚ ਬੜੇ ਹੀ ਸਤਿਕਾਰ ਤੇ ਸ਼ਰਧਾ ਸਹਿਤ ਮਨਾਇਆ ਜਾਂਦਾ ਹੈ ਅਤੇ ਉਹਨਾਂ ਲਾਸਾਨੀ ਸ਼ਹਾਦਤਾਂ ਨੂੰ ਯਾਦ ਕੀਤਾ ਜਾਂਦਾ ਹੈ।

ਪਿੰਡ ਬਜ਼ੀਦਪੁਰ (ਨਵਾਂਸ਼ਹਿਰ) ਦੀ ਸਾਧ ਸੰਗਤ ਵੱਲੋਂ ਵੀ ਇਹਨਾਂ ਦਿਨਾਂ ਨੂੰ ਸੰਪੂਰਨ ਸ਼ਰਧਾ ਨਾਲ ਯਾਦ ਕੀਤਾ ਗਿਆ। ਮਿਤੀ 6 ਪੋਹ ਤੋਂ ਰੋਜ਼ਾਨਾ ਸਵੇਰੇ ਤੇ ਸ਼ਾਮ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਾਮ ਸਿਮਰਨ ਕੀਤਾ ਜਾਂਦਾ ਸੀ ਤੇ ਉਸ ਦਿਨ ਦੇ ਇਤਿਹਾਸ ਮੁਤਾਬਿਕ ਗੀਤ, ਕਵਿਤਾਵਾਂ ਅਤੇ ਦੀਵਾਨ ਸਜਾਏ ਜਾਂਦੇ ਸਨ। ਮਿਤੀ 28 ਦਸੰਬਰ (14 ਪੋਹ) ਨੂੰ 8 ਦਿਨਾਂ ਤੋਂ ਚਲਦੇ ਇਸ ਸਮਾਗਮ ਦਾ ਭੋਗ ਪਾਇਆ ਗਿਆ।



ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਜਿੰਦਰ ਸਿੰਘ ਅਤੇ ਜਥੇ ਵੱਲੋਂ ਕੀਤਾ ਗਿਆ। ਬਾਅਦ ਸੰਤ ਬਲਜਿੰਦਰ ਸਿੰਘ ਵੱਲੋਂ ਸਹਿਬਜ਼ਾਦਿਆ ਦੀ ਸ਼ਹਾਦਤ ਦਾ ਇਤਿਹਾਸ ਸੰਗਤਾਂ ਨੂੰ ਸਰਵਨ ਕਰਵਾਇਆ ਗਿਆ। ਉਪਰੰਤ ਵਿੱਦਿਅਕ ਜਥੇ ਦੇ ਬੱਚਿਆਂ ਵਿੱਚੋਂ ਬੀਬੀ ਇੰਦਰਪ੍ਰੀਤ ਕੌਰ ਵੱਲੋਂ 'ਕਲਗੀਧਰ ਦਸਮੇਸ਼ ਪਿਤਾ ਜਿਹਾ ਜੱਗ ਤੇ ਕੋਈ ਹੋਇਆ ਨਾ' ਗੀਤ, ਰਵਿੰਦਰ ਸਿੰਘ ਵੱਲੋਂ 'ਗੁਰੂ ਗੋਬਿੰਦ ਸਿੰਘ ਤੇਰੇ ਦਿਲ ਵਰਗਾ, ਦਿਲ ਕਿੱਥੋਂ ਕੋਈ ਹੋਰ ਲਿਆਵੇਗਾ' ਕਵਿਤਾ, ਗੁਰਲੀਨ ਕੌਰ ਵਲੋਂ 'ਸੰਗਤੇ ਨੀ ਮੇਰਾ ਨਾਂ ਗੁਜਰੀ' ਕਵਿਤਾ ਤੇ ਹਰਸਾਹਿਬ ਸਿੰਘ ਵੱਲੋਂ "ਨਾ ਕਲਗੀਆਂ ਚੁੰਮ ਕੇ ਰੱਖ ਮਾਤਾ, ਤੇਰੇ ਲਾਲ ਨੀ ਆ ਕੇ ਪਾਉਣ ਲੱਗੇ' ਕਵਿਤਾ ਸੰਗਤਾਂ ਨੂੰ ਕਰਵਾਈਆਂ ਗਈਆਂ ਅਤੇ ਗੁਰਰੀਤ ਕੌਰ, ਗੁਰਮੁੱਖ ਸਿੰਘ, ਗੁਰਦੇਵ ਸਿੰਘ, ਸੁਰਿੰਦਰ ਸਿੰਘ, ਸੰਤਾ ਸਿੰਘ ਵੱਲੋਂ ਵੀ ਆਪਣੀਆਂ ਕਵਿਤਾਵਾਂ, ਭਾਸ਼ਣ ਅਤੇ ਗੀਤ ਪੇਸ਼ ਕੀਤੇ ਗਏ। ਉਪਰੰਤ ਇਹਨਾਂ ਲਾਸਾਨੀ ਸ਼ਹਾਦਤਾਂ ਨੂੰ ਸਮਰਪਿਤ 3 ਸਹਿਜ ਪਾਠਾਂ ਦੇ ਭੋਗ ਵੀ ਪਾਏ ਗਏ। ਬਾਅਦ ਗੁਰੂ ਘਰ ਦੇ ਸਕੱਤਰ ਸੰਤ ਇੰਦਰਜੀਤ ਸਿੰਘ ਜੀ ਵੱਲੋਂ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਸਾਰੀ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ। ਅਖੀਰ, ਭਾਈ ਮੋਤੀ ਰਾਮ ਮਹਿਰਾ ਅਤੇ ਉਹਨਾਂ ਦੇ ਪਰਿਵਾਰ ਦੀ ਯਾਦ ਵਿੱਚ ਦੁੱਧ ਦਾ ਲੰਗਰ ਅਤੁੱਟ ਵਰਤਿਆ।

**ਹਰਸਾਹਿਬ ਸਿੰਘ ਬਜ਼ੀਦਪੁਰ**

..................................................

**ਸ੍ਰੀ ਸਤਿਗੁਰੂ ਰਾਮ ਸਿੰਘ ਜੀ** ਨੇ
**1 ਜੂਨ 1863** ਈ: ਪਿੰਡ ਸਿਆੜ੍ਹ ਵਿਖੇ
ਪਹਿਲੀ ਵਾਰ **ਬੀਬੀਆਂ** ਨੂੰ ਅੰਮ੍ਰਿਤ ਦੀ
ਦਾਤ ਬਖਸ਼ੀ



Date of Publication: 6 January 2026
Date of Posting: 8 January 2026

RNI NO.55658/93
LDM/008/2021-2023



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.